PAIGAM-E-JAGAT

ਪੈ.ਗਾਮ-ਏ-ਜਗਤ

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਭਾਵ

ਹੇ ਨਾਨਕ ! ਅਕਾਲ ਪੁਰਖ ਮੁੱਢ ਤੋਂ ਹੋਂਦ ਵਾਲਾ ਹੈ, ਜੁਗਾਂ ਦੇ ਮੁੱਢ ਤੋਂ ਮੌਜੂਦ ਹੈ। ਇਸ ਵੇਲੇ ਭੀ ਮੌਜੂਦ ਹੈ ਤੇ ਅਗਾਂਹ ਨੂੰ ਭੀ ਹੋਂਦ ਵਾਲਾ ਰਹੇਗਾ।

Title code : CHAMUL00914 | E-mail : Info@paigamejagat.com | ਮੰਗਲਵਾਰ, 24 ਨਵੰਬਰ 2026, ਸਾਲ-4, ਅੰਕ-16, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਦਿੱਲੀ ਐਲਜੀ ਹਾਊਸ 'ਚ ਪ੍ਰਕਾਸ਼ ਪੁਰਬ ਸਮਾਰੋਹ, ਮੋਦੀ ਨੇ ਕੀਤੀ ਸ਼ਿਰਕਤ, ਸੁਣੀ ਗੁਰਬਾਣੀ



ਨਵੀਂ ਦਿੱਲੀ, (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਮੋਦੀ ਨੇ ਸੋਮਵਾਰ ਨੂੰ ਦਿੱਲੀ ਵਿੱਚ ਲੈਫਟੀਨੈਂਟ ਗਵਰਨਰ ਦੀ ਰਿਹਾਇਸ 'ਤੇ ਆਯੋਜਿਤ ਪ੍ਰਕਾਸ਼ ਪੁਰਬ ਸਮਾਰੋਹ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਸ਼ਬਦ ਕੀਰਤਨ ਵਿੱਚ ਹਿੱਸਾ ਲਿਆ ਅਤੇ ਗੁਰਬਾਣੀ ਸੁਣੀ। ਇਹ ਪ੍ਰਧਾਨ ਮੰਤਰੀ ਮੋਦੀ ਦੀ ਦਿੱਲੀ ਵਿੱਚ ਲੈਫਟੀਨੈਂਟ ਗਵਰਨਰ ਦੇ ਨਿਵਾਸ ਸਥਾਨ 'ਤੇ ਪਹਿਲੀ ਫੇਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਵ ਮੰਗਲਵਾਰ ਨੂੰ ਮਨਾਇਆ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸੰਦੇਸ਼ ਨੂੰ ਸ਼ਬਦ ਕੀਰਤਨ ਰਾਹੀਂ ਯਾਦ ਕੀਤਾ ਜਾਂਦਾ ਹੈ। ਇਹ ਸਮਾਗਮ ਸਿੱਖ ਪਰੰਪਰਾ ਅਤੇ ਗੁਰਬਾਣੀ ਨੂੰ ਸਮਰਪਿਤ ਹੈ। ਪ੍ਰਕਾਸ਼ ਪੁਰਬ ਵਿੱਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪੰਜਾਬ ਵਿੱਚ ਅਗਲੇ ਸਾਲ ਚੋਣਾਂ ਹੋਣ ਜਾ ਰਹੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਅਤੇ ਪਹਿਲੇ



ਗੁਰੂ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ (ਮੌਜੂਦਾ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਮ ਮਾਤਾ ਤ੍ਰਿਪਤਾ ਜੀ ਸੀ। ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਸਨ।



ਦਲ-ਬਦਲੀ ਵਿਰੋਧੀ ਕਾਨੂੰਨ 'ਚ ਸੁਧਾਰ

ਸੁਪਰੀਮ ਕੋਰਟ ਵੱਲੋਂ ਕੇਂਦਰ ਤੇ ਚੋਣ ਕਮਿਸ਼ਨ ਨੂੰ ਨੋਟਿਸ

ਨਵੀਂ ਦਿੱਲੀ, 23 ਨਵੰਬਰ
(ਪੈ.ਗਾਮ-ਏ-ਜਗਤ)

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦਲ-ਬਦਲੀ ਵਿਰੋਧੀ ਕਾਨੂੰਨ ਦੇ ਢਾਂਚੇ ਵਿੱਚ ਵਿਆਪਕ ਸੁਧਾਰਾਂ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ 'ਤੇ ਕੇਂਦਰ, ਚੋਣ ਕਮਿਸ਼ਨ ਅਤੇ ਕਾਨੂੰਨ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ 'ਤੇ ਆਧਾਰਤ ਬੈਂਚ ਨੇ ਏ. ਸੇਥੂ ਵੱਲੋਂ ਦਾਇਰ ਪਟੀਸ਼ਨ 'ਤੇ ਕਾਨੂੰਨ ਤੇ ਨਿਆਂ ਮੰਤਰਾਲੇ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰਾਲੇ ਨੂੰ ਵੀ ਨੋਟਿਸ ਜਾਰੀ ਕੀਤੇ ਹਨ।

ਪਟੀਸ਼ਨ ਵਿੱਚ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਅਯੋਗਤਾ ਦੀ ਕਾਰਵਾਈ ਤੋਂ ਬਚਣ ਅਤੇ ਸਰਕਾਰਾਂ ਦੀ ਹੋਂਦ ਨੂੰ ਪ੍ਰਭਾਵਿਤ ਕਰਨ ਲਈ "ਰਣਨੀਤਕ ਅਸਤੀਫ਼ਿਆਂ" ਦੀ ਦੁਰਵਰਤੋਂ ਰੋਕਣ ਦੀ ਮੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੌਨਸੂਨ ਸੈਸ਼ਨ ਤੋਂ ਪਹਿਲਾਂ 'ਆਪ', ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਟੀ.ਐੱਮ.ਸੀ. ਦੇ ਕਈ ਸੰਸਦ

● ਚੁਣੇ ਹੋਏ ਨੁਮਾਇੰਦਿਆਂ ਵੱਲੋਂ ਸਰਕਾਰਾਂ ਦੀ ਹੋਂਦ ਪ੍ਰਭਾਵਿਤ ਕਰਨ ਲਈ ਅਸਤੀਫ਼ਆਂ ਦੀ ਦੁਰਵਰਤੋਂ ਰੋਕਣ 'ਤੇ ਜ਼ੋਰ



ਮੈਂਬਰਾਂ ਵੱਲੋਂ ਪਾਲਾ ਬਦਲਣ ਮਗਰੋਂ ਕਪਿਲ ਸਿੱਬਲ ਨੇ ਵੀ ਜੁਲਾਈ ਵਿੱਚ ਦਸਵੀਂ ਅਨੁਸੂਚੀ ਦੀ ਮੁੜ ਵਿਆਖਿਆ ਲਈ ਅਦਾਲਤ ਦਾ ਰੁਖ਼ ਕੀਤਾ ਸੀ। ਸੇਥੂ ਨੇ ਮੰਗ ਕੀਤੀ ਹੈ ਕਿ ਅਸਤੀਫ਼ਆਂ ਤੇ ਅਯੋਗਤਾ ਕਾਰਵਾਈਆਂ ਦਾ ਸਮਾਂਬੱਧ ਤੇ ਪਾਰਦਰਸ਼ੀ ਨਿਪਟਾਰਾ ਯਕੀਨੀ ਬਣਾਇਆ ਜਾਵੇ ਅਤੇ ਸਪੀਕਰ-ਕੇਂਦਰਿਤ ਨਿਆਂਇਕ ਪ੍ਰਣਾਲੀ ਦੀ ਸਮੀਖਿਆ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਰੱਖੀ ਕਿ ਤ੍ਰਿਸ਼ੰਕੂ ਵਿਧਾਨ ਸਭਾ ਵਿੱਚ ਬਹੁਮਤ ਦੀ ਪਰਖ ਸਿਰਫ਼ ਧਾਰਾ 188 ਤਹਿਤ ਸਹੁੰ ਚੁੱਕਣ ਮਗਰੋਂ ਸਦਨ ਦੇ ਫਲੋਰ 'ਤੇ ਹੀ ਹੋਵੇ। ਇਸ ਤੋਂ ਇਲਾਵਾ, ਅਯੋਗਤਾ ਦੀ ਕਾਰਵਾਈ ਲੰਬਿਤ ਹੋਣ ਦੌਰਾਨ ਦਿੱਤਾ ਅਸਤੀਫ਼ਾ ਕਾਰਵਾਈ ਨੂੰ ਖ਼ਤਮ ਨਾ ਕਰੇ ਅਤੇ ਸਪੀਕਰ ਜਾਂ ਚੇਅਰਮੈਨ ਠੋਸ ਤੱਥਾਂ ਦੇ ਆਧਾਰ 'ਤੇ ਅਸਤੀਫ਼ੇ ਦੀ ਸਵੈ-ਇੱਛਾ ਤੇ ਸੱਚਾਈ ਬਾਰੇ ਤਰਕਪੂਰਨ ਹੁਕਮ ਪਾਸ ਕਰਨ। ਦੱਸਣਯੋਗ ਹੈ ਕਿ 1985 ਵਿੱਚ 52ਵੀਂ ਸੋਧ ਰਾਹੀਂ ਸ਼ਾਮਲ ਕੀਤੀ ਦਸਵੀਂ ਅਨੁਸੂਚੀ ਤਹਿਤ ਪਾਰਟੀ ਛੱਡਣ ਜਾਂ ਵ?ਹਿਪ ਦੀ ਉਲੰਘਣਾ ਕਰਨ 'ਤੇ ਅਯੋਗਤਾ ਦਾ ਪ੍ਰਬੰਧ ਹੈ। 2004 ਦੀ 91ਵੀਂ ਸੋਧ ਮਗਰੋਂ ਰਲੇਵੇਂ ਲਈ ਦੋ-ਤਿਹਾਈ ਮੈਂਬਰਾਂ ਦੀ ਸਹਿਮਤੀ ਲਾਜ਼ਮੀ ਹੈ, ਜਦੋਂ ਕਿ 2023 ਦੇ ਸ਼ਿਵ ਸੈਨਾ ਮਾਮਲੇ ਵਿੱਚ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਅਯੋਗਤਾ ਤੋਂ ਬਚਣ ਲਈ ਮੂਲ ਸਿਆਸੀ ਪਾਰਟੀ ਦਾ ਰਸਮੀ ਰਲੇਵਾਂ ਜ਼ਰੂਰੀ ਹੈ।

ਬਿਕਰਮ ਮਜੀਠਿਆ ਨੂੰ ਵਿਦੇਸ਼ ਜਾਣ ਦੀ ਮਿਲੀ ਇਜਾਜ਼ਤ

ਮੁਹਾਲੀ, 23 ਨਵੰਬਰ
(ਪੈ.ਗਾਮ-ਏ-ਜਗਤ)

ਮੁਹਾਲੀ ਦੀ ਇੱਕ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ 18 ਦਸੰਬਰ ਤੋਂ 6 ਜਨਵਰੀ, 2027 ਤੱਕ ਆਪਣੇ ਪਰਿਵਾਰ ਸਮੇਤ ਵਿਦੇਸ਼ ਜਾਣ ਦੀ ਅਰਜ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਦਾਲਤ ਨੇ ਉਨ੍ਹਾਂ ਨੂੰ 30 ਲੱਖ ਰੁਪਏ ਦਾ ਬਾਂਡ ਭਰਨ ਦਾ ਨਿਰਦੇਸ਼ ਦਿੱਤਾ ਹੈ ਅਤੇ ਦੇਸ਼ ਵਾਪਸ ਪਰਤਣ ਲਈ 6 ਜਨਵਰੀ, 2027 ਦੀ ਸਮਾਂ-ਸੀਮਾ ਤੈਅ ਕੀਤੀ ਹੈ। ਬਿਕਰਮ ਸਿੰਘ ਮਜੀਠੀਆ ਵੱਲੋਂ ਵਿਦੇਸ਼ ਜਾਣ ਦੀ ਇਜਾਜ਼ਤ ਲੈਣ ਲਈ ਮੁਹਾਲੀ ਸਥਿਤ ਵਿਸ਼ੇਸ਼ ਜੱਜ, ਭ੍ਰਿਸ਼ਟਾਚਾਰ ਰੋਕੂ ਐਕਟ/ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਗਈ ਸੀ।

ਮਜੀਠੀਆ ਦੇ ਵਕੀਲ ਵੱਲੋਂ ਇਹ ਵੀ ਦਲੀਲ ਦਿੱਤੀ ਗਈ ਕਿ ਉਨ੍ਹਾਂ (ਮਜੀਠੀਆ) ਨਾਲ ਸਬੰਧਤ ਜਾਂਚ ਮੁਕੰਮਲ



ਹੋ ਚੁੱਕੀ ਹੈ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੇ ਮਾਮਲੇ ਵਿੱਚ ਉਨ੍ਹਾਂ ਵਿਰੁੱਧ 22.08.2025 ਨੂੰ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ। ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦੱਸਿਆ ਕਿ ਅਰਜ਼ੀਕਰਤਾ ਆਪਣੀ ਪਤਨੀ ਅਤੇ ਬੱਚਿਆਂ ਸਮੇਤ 18.12.2026 ਤੋਂ 06.01.2027 ਤੱਕ ਵਿਦੇਸ਼ ਜਾਣਾ ਚਾਹੁੰਦਾ ਹੈ। ਇਹ ਦੱਸਿਆ ਗਿਆ ਕਿ ਜਾਂਚ ਪੂਰੀ ਹੋ ਗਈ ਹੈ ਅਤੇ ਚਲਾਨ ਪਹਿਲਾਂ ਹੀ ਪੇਸ਼ ਕੀਤਾ ਜਾ ਚੁੱਕਾ ਹੈ। ਉੱਥੇ ਹੀ ਸੂਬਾ ਸਰਕਾਰ ਨੇ ਯਾਤਰਾ ਦੇ ਅਧੂਰੇ ਵੇਰਵਿਆਂ ਦਾ ਹਵਾਲਾ ਦਿੰਦੇ ਹੋਏ ਇਸ ਅਰਜ਼ੀ ਦਾ ਵਿਰੋਧ ਕੀਤਾ ਅਤੇ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਮਜੀਠੀਆ ਨੂੰ 18.12.2026 ਤੋਂ 06.01.2027 ਤੱਕ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੂੰ 30 ਲੱਖ ਰੁਪਏ ਦੀ ਰਕਮ ਦੇ ਮੁਚੱਲਕੇ (ਇੰਡੈਮਨਿਟੀ ਬਾਂਡ) ਵੀ ਭਰਨੇ ਹੋਣਗੇ।

ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ ਜੇਕਰ ਮਜੀਠੀਆ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਤਾਂ ਉਨ੍ਹਾਂ ਦੀ ਯਾਤਰਾ ਨੂੰ ਸੁਖਾਲਾ ਬਣਾਉਣ ਲਈ ਢੁਕਵੀਂ ਤਸਦੀਕ ਅਤੇ ਰਸੀਦ ਲੈ ਕੇ ਉਨ੍ਹਾਂ ਦਾ ਪਾਸਪੋਰਟ ਆਰਜ਼ੀ ਤੌਰ 'ਤੇ ਵਾਪਸ ਕਰ ਦਿੱਤਾ ਜਾਵੇ।

ਅੰਮ੍ਰਿਤਸਰ 'ਚ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮਾਰਿਆ 8 ਸਾਲਾ ਮਾਸੂਮ

ਅੰਮ੍ਰਿਤਸਰ : ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਹਲਕੇ ਅਧੀਨ ਆਉਂਦੇ ਪਿੰਡ ਜਲਾਲ ਵਿੱਚ ਆਵਾਰਾ ਕੁੱਤਿਆਂ ਦਾ ਇੱਕ ਭਿਆਨਕ ਹਮਲਾ ਦੇਖਣ ਨੂੰ ਮਿਲਿਆ ਹੈ। ਆਵਾਰਾ ਕੁੱਤਿਆਂ ਦੇ ਝੁੰਡ ਨੇ ਇੱਕ 8 ਸਾਲਾ ਬੱਚੇ ਨੂੰ ਨੋਚ ਕੇ ਮਾਰ ਦਿੱਤਾ। ਮ੍ਰਿਤਕ ਬੱਚੇ ਦੀ ਪਛਾਣ ਰਣਜੀਤ ਸਿੰਘ ਵਜੋਂ ਹੋਈ ਹੈ, ਜੋ ਤਿੰਨ ਭੈਣਾਂ ਦਾ ਇਕਲੌਤਾ ਅਤੇ ਸਭ ਤੋਂ ਛੋਟਾ ਭਰਾ ਸੀ। ਜਾਣਕਾਰੀ ਅਨੁਸਾਰ, ਰਣਜੀਤ ਸਿੰਘ ਪਿੰਡ ਦੇ ਮੈਦਾਨ ਵਿੱਚ ਖੇਡਣ ਗਿਆ ਹੋਇਆ ਸੀ, ਜਦੋਂ ਅਚਾਨਕ ਉਸ 'ਤੇ ਅਵਾਰਾ ਕੁੱਤਿਆਂ ਨੇ ਹਮਲਾ ਕਰ ਦਿੱਤਾ। ਹਮਲਾ ਇੰਨਾ ਭਿਆਨਕ ਸੀ ਕਿ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਭਿਆਨਕ ਘਟਨਾ ਉਦੋਂ ਸਾਹਮਣੇ ਆਈ ਜਦੋਂ ਪਿੰਡ ਦੇ ਕੁਝ ਛੋਟੇ ਬੱਚਿਆਂ ਨੇ ਰਣਜੀਤ ਸਿੰਘ ਦੀ ਮ੍ਰਿਤਕ ਦੇਹ ਜ਼ਮੀਨ ਵਿੱਚ ਪਈ ਦੇਖੀ ਅਤੇ ਰੌਲਾ ਪਾ ਕੇ ਪਿੰਡ ਵਾਸੀਆਂ ਨੂੰ ਇਕੱਠਾ ਕਰ ਲਿਆ। ਪਿੰਡ ਵਾਸੀਆਂ ਦੇ ਅਨੁਸਾਰ, ਕੁੱਤਿਆਂ ਨੇ ਬੱਚੇ ਦੀ ਖੋਪੜੀ ਅਤੇ ਕੰਨ ਬੁਰੀ ਤਰ੍ਹਾਂ ਨੋਚ ਦਿੱਤੇ ਸਨ।

ਭਾਰਤ ਨੇਪਾਲ ਨੂੰ ਮਦਦ ਵਜੋਂ ਦੇਵੇਗਾ 15 ਹਜ਼ਾਰ ਕਰੋੜ ਰੁਪਏ : ਪੀ.ਐਮ. ਮੋਦੀ

ਨੇਪਾਲ ਤੋਂ ਬਿਨਾਂ ਸਾਡੇ ਰਾਮ ਅਧੂਰੇ, ਸਾਂਝੀ ਸੱਭਿਅਤਾ ਦੀ ਹੈ ਪਛਾਣ ਬਾਲੇਨ ਸ਼ਾਹ ਨੂੰ ਬੋਲੇ ਪੀਐਮ ਮੋਦੀ

ਨੇਪਾਲ, 23 ਨਵੰਬਰ
(ਪੈ.ਗਾਮ-ਏ-ਜਗਤ)

ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਨ ਸ਼ਾਹ ਦੋ ਦਿਨਾਂ ਭਾਰਤ ਦੌਰੇ 'ਤੇ ਹਨ। ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਾਲੇਨ ਸ਼ਾਹ ਵਿਚਕਾਰ ਦੁਵੱਲੀ ਗੱਲਬਾਤ ਹੋਈ। ਇਸ ਤੋਂ ਬਾਅਦ ਇੱਕ ਸਾਂਝੀ ਪ੍ਰੈਸ ਕਾਨਫਰੰਸ ਹੋਈ। ਇਸ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਨੇਪਾਲ ਦਾ ਰਿਸ਼ਤਾ ਸਿਰਫ਼ ਗੁਆਂਢੀਆਂ ਦਾ ਨਹੀਂ ਹੈ, ਸਗੋਂ ਨੇੜਤਾ ਅਤੇ ਅਟੁੱਟ ਵਿਸ਼ਵਾਸ ਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਖੁਸ਼ੀਆਂ ਅਤੇ ਚੁਣੌਤੀਆਂ ਦੋਵੇਂ ਸਾਂਝੇ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਇੱਕ ਦੂਜੇ ਦੀ ਤਰੱਕੀ ਵਿੱਚ ਭਾਈਵਾਲ ਹਾਂ ਅਤੇ ਮੁਸ਼ਕਲ ਸਮੇਂ ਵਿੱਚ ਇੱਕ ਦੂਜੇ ਦਾ ਸਮਰਥਨ ਕਰਦੇ ਹਾਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਨ ਸ਼ਾਹ ਨਾਲ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਭਾਰਤ ਅਤੇ ਨੇਪਾਲ ਦਾ ਰਿਸ਼ਤਾ ਸਾਂਝੇ ਇਤਿਹਾਸ, ਵਿਸ਼ਵਾਸ, ਸੱਭਿਆਚਾਰ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧਾਂ 'ਤੇ ਅਧਾਰਤ ਹੈ। ਉਨ੍ਹਾਂ ਕਿਹਾ ਕਿ ਭਗਵਾਨ ਰਾਮ ਅਤੇ ਮਾਤਾ ਸੀਤਾ ਦੋਵਾਂ ਦੇਸ਼ਾਂ ਦੀ ਸਾਂਝੀ ਸਭਿਅਤਾ ਅਤੇ



ਆਸਥਾ ਦੇ ਪ੍ਰਤੀਕ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਨੇਪਾਲ ਵਿੱਚ ਆਏ ਹੜ੍ਹਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, "ਅਸੀਂ ਅਗਸਤ ਵਿੱਚ ਨੇਪਾਲ ਵਿੱਚ ਆਏ ਵਿਨਾਸ਼ਕਾਰੀ ਹੜ੍ਹ ਕਾਰਨ ਹੋਏ ਜਾਨੀ ਨੁਕਸਾਨ ਲਈ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ। ਅੱਜ, ਅਸੀਂ ਨੇਪਾਲ ਦੇ ਪੁਨਰ ਨਿਰਮਾਣ ਅਤੇ ਲੰਬੇ ਸਮੇਂ ਦੇ ਵਿਕਾਸ ਨੂੰ ਮਜ਼ਬੂਤ ਕਰਨ ਲਈ 24,000 ਕਰੋੜ ਨੇਪਾਲੀ ਰੁਪਏ ਦੇ Development Cooperation Package ਦਾ ਐਲਾਨ ਕਰਦੇ ਹਾਂ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਨੇਪਾਲ ਦੇ ਸਬੰਧ ਸਾਂਝੇ ਇਤਿਹਾਸ, ਆਸਥਾ, ਸੱਭਿਆਚਾਰ ਅਤੇ ਡੂੰਘੇ people-to-people ties ਦੇ ਧਾਗਿਆਂ ਨਾਲ ਬੁਣੇ ਹੋਏ ਹਨ। ਉਨ੍ਹਾਂ ਕਿਹਾ ਕਿ ਭਗਵਾਨ ਰਾਮ ਅਤੇ ਮਾਤਾ ਸੀਤਾ ਸਾਡੀ ਸਾਂਝੀ ਸਭਿਅਤਾ ਅਤੇ ਆਸਥਾ ਦੇ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ 2018 ਵਿੱਚ, ਜਨਕਪੁਰ ਦੀ ਪਵਿੱਤਰ ਧਰਤੀ 'ਤੇ, ਮੈਂ ਕਿਹਾ ਸੀ ਕਿ ਨੇਪਾਲ ਤੋਂ ਬਿਨਾਂ, ਸਾਡੇ ਪਵਿੱਤਰ ਸਥਾਨ ਅਧੂਰੇ ਹਨ, ਅਤੇ ਨੇਪਾਲ ਤੋਂ ਬਿਨਾਂ, ਸਾਡੇ ਰਾਮ ਵੀ ਅਧੂਰੇ ਹਨ। ਉਨ੍ਹਾਂ ਕਿਹਾ ਕਿ ਭਾਰਤ ਹਮੇਸ਼ਾ ਮਜ਼ਬੂਤ ਅਤੇ ਖੁਸ਼ਹਾਲ ਨੇਪਾਲ ਦੀ ਵਿਕਾਸ ਯਾਤਰਾ ਵਿੱਚ ਭਾਈਵਾਲ ਰਿਹਾ ਹੈ। ਇਸ ਭਾਵਨਾ ਨਾਲ, ਅੱਜ ਅਸੀਂ ਆਪਣੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਕਈ ਮਹੱਤਵਪੂਰਨ ਫੈਸਲੇ ਲਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਨੇਪਾਲ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਭਾਰਤ ਦੀ ਉਨ੍ਹਾਂ ਦੀ ਪਹਿਲੀ ਦੁਵੱਲੀ ਯਾਤਰਾ 'ਤੇ ਬਾਲੇਨ ਸ਼ਾਹ ਦਾ ਸਵਾਗਤ ਕਰਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ।"ਉਨ੍ਹਾਂ ਕਿਹਾ, "ਜਦੋਂ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਨੂੰ ਦੁਨੀਆ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਵਜੋਂ ਸੰਬੋਧਨ ਕੀਤਾ, ਤਾਂ ਸਾਨੂੰ ਉਨ੍ਹਾਂ ਦੇ ਦੂਰਦਰਸ਼ੀ ਦ੍ਰਿਸ਼ਟੀਕੋਣ ਦੀ ਝਲਕ ਮਿਲੀ। ਅਤੇ ਹੁਣ, ਸਾਡੀ ਆਹਮੋ-ਸਾਹਮਣੇ ਗੱਲਬਾਤ ਦੌਰਾਨ, ਮੈਨੂੰ ਨੇਪਾਲ ਦੇ ਭਵਿੱਖ ਅਤੇ ਭਾਰਤ-ਨੇਪਾਲ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਉਨ੍ਹਾਂ ਦਾ ਸਪੱਸ਼ਟ ਦ੍ਰਿਸ਼ਟੀਕੋਣ ਅਤੇ ਵਚਨਬੱਧਤਾ ਮਹਿਸੂਸ ਹੋਈ । ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨੇਪਾਲ ਦੇ ਲੋਕਾਂ ਦੁਆਰਾ ਉਨ੍ਹਾਂ ਨੂੰ ਦਿੱਤਾ ਗਿਆ ਇਤਿਹਾਸਕ ਫਤਵਾ ਦੇਸ਼ ਦੀ ਨਵੀਂ ਪੀੜ੍ਹੀ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਦਰਸਾਉਂਦਾ ਹੈ।

ਪਾਕਿਸਤਾਨ ਵਿੱਚ ਟਰੱਕ ਨੇ ਮਿੰਨੀ ਬੱਸ

ਸਨੀ ਐਨਕਲੇਵ ਖਰੜ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ

ਪੈ.ਗਾਮ-ਏ-ਜਗਤ/ਖਰੜ
22 ਨਵੰਬਰ (ਦਵਿੰਦਰ ਕੌਰ)



ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸਿੰਘ ਸਭਾ, ਸਨੀ ਐਨਕਲੇਵ ਖਰੜ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਹਿਰ ਵਿੱਚੋਂ ਲੰਘਿਆ। ਇਸ ਦੌਰਾਨ ਸੰਗਤਾਂ ਨੇ ਵਾਹਿਗੁਰੂ ਦਾ ਜਾਪ ਕਰਦਿਆਂ ਸ਼ਰਧਾ ਨਾਲ ਸ਼ਮੂਲੀਅਤ ਕੀਤੀ। ਨਗਰ ਕੀਰਤਨ ਵਿੱਚ ਕਲਗੀਧਰ ਅਖਾੜਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਗਤਕਾ ਟੀਮ ਨੇ ਆਪਣੇ ਜੌਹਰ ਦਿਖਾਏ। ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਲੱਡੂ, ਚਾਹ ਅਤੇ ਬ੍ਰੈੱਡ ਪਕੌੜਿਆਂ ਦੇ ਲੰਗਰ ਲਗਾਏ ਗਏ ਅਤੇ ਸਵਾਗਤੀ ਗੇਟ ਸਜਾ ਕੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਭਾਜਪਾ ਆਗੂ ਅਮਰੀਕ ਸਿੰਘ ਹੈਪੀ ਅਕਾਲੀ ਆਗੂ ਰਜਨੀ ਕਪੂਰ ਗਰੀਸ਼ ਕਪੂਰ ਵੱਲੋਂ ਸਨੀ ਐਨਕਲੇਵ ਗੇਟ ਵਿਖੇ ਪੰਜ ਪਿਆਰਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਬੱਬੂ, ਪ੍ਰੇਮ ਸਿੰਘ ਮਲੋਆ, ਭਗਵੰਤ ਸਿੰਘ, ਮਲਕੀਤ ਸਿੰਘ, ਅਰਵਿੰਦਰ ਪਾਲ ਸਿੰਘ, ਮੁਕੰਦ ਸਿੰਘ, ਰਜਿੰਦਰ ਸਿੰਘ ਖਰਬੰਦਾ ਅਤੇ ਸੁਖਵਿੰਦਰ ਸਿੰਘ ਖਾਲਸਾ ਸਮੇਤ ਹੋਰ ਸੰਗਤਾਂ ਹਾਜ਼ਰ ਸਨ।

ਬਡਾਲੀ ਤੋਂ ਹਰਿਦੁਆਰ ਅਤੇ ਰਿਸ਼ੀਕੇਸ਼ ਲਈ ਤੀਰਥ ਯਾਤਰਾ ਵਾਸਤੇ ਬੱਸ ਰਵਾਨਾ, ਪਰਮਿੰਦਰ ਸਿੰਘ ਗੋਲਡੀ ਨੇ ਦਿਖਾਈ ਹਰੀ ਝੰਡੀ

ਪੈ.ਗਾਮ-ਏ-ਜਗਤ
ਖਰੜ (ਦਵਿੰਦਰ ਕੌਰ)



ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੰਗਤਾਂ ਨੂੰ ਦੇਸ਼ ਦੇ ਵੱਖ-ਵੱਖ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਉਣ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸੇ ਲੜੀ ਤਹਿਤ ਅੱਜ ਹਲਕਾ ਖਰੜ ਦੇ ਪਿੰਡ ਬਡਾਲੀ ਵਿਖੇ ਹਰਿਦੁਆਰ ਅਤੇ ਰਿਸ਼ੀਕੇਸ਼ ਦੀ ਪਵਿੱਤਰ ਤੀਰਥ ਯਾਤਰਾ ਲਈ ਜਾਣ ਵਾਲੀ ਬੱਸ ਨੂੰ ਹਲਕਾ ਖਰੜ ਦੇ ਇੰਚਾਰਜ ਅਤੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸ. ਗੋਲਡੀ ਨੇ ਤੀਰਥ ਯਾਤਰਾ 'ਤੇ ਜਾ ਰਹੀਆਂ ਸੰਗਤਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਸੁਖਦ, ਸੁਰੱਖਿਅਤ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਮੁੱਖ ਉਦੇਸ਼ ਲੋਕਾਂ ਦੀ ਧਾਰਮਿਕ ਆਸਥਾ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ। ਇਸ ਯੋਜਨਾ ਰਾਹੀਂ ਲੋਕ ਬਿਨਾਂ ਕਿਸੇ ਯਾਤਰਾ ਖਰਚੇ ਦੇ ਤੀਰਥ ਅਸਥਾਨਾਂ ਦੇ ਦਰਸ਼ਨ ਕਰ ਸਕਦੇ ਹਨ। ਇਸ ਉਪਰਾਲੇ ਨਾਲ ਆਰਥਿਕ ਕਾਰਨਾਂ ਕਰਕੇ ਤੀਰਥ ਯਾਤਰਾ ਕਰਨ ਤੋਂ ਅਸਮਰੱਥ ਲੋਕਾਂ ਨੂੰ ਵੀ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਹਰ ਵਰਗ ਦੇ ਲੋਕ ਇਨ੍ਹਾਂ ਦਾ ਲਾਭ ਲੈ ਸਕਣ।

ਇਸ ਮੌਕੇ ਬਲਾਕ ਸੰਮਤੀ ਦੇ ਚੇਅਰਮੈਨ ਸ. ਰਘਵੀਰ ਸਿੰਘ, ਜਸਵੀਰ ਸਿੰਘ ਸਾਬਕਾ ਐਮ.ਸੀ., ਜੁਝਾਰ ਸਿੰਘ, ਜਸਵੰਤ ਸਿੰਘ ਪੱਪਾ, ਜਸਵੀਰ ਰਾਜਾ ਬਡਾਲਾ, ਹਰਭਜਨ ਸਿੰਘ ਬਡਾਲੀ ਅਤੇ ਬਿੰਦਰ ਬਡਾਲੀ ਸਮੇਤ ਹੋਰ ਪਤਵੰਤੇ ਸੱਜਣ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

ਝੁੱਗੀਆਂ ਵਿਖੇ ਲੰਬੇ ਸਮੇਂ ਤੋਂ ਰੁਕੇ ਕਮਿਊਨਿਟੀ ਸੈਂਟਰ ਦਾ ਕੰਮ ਮੁੜ ਸ਼ੁਰੂ, 3.27 ਕਰੋੜ ਦੀ ਲਾਗਤ ਨਾਲ ਹੋਵੇਗਾ ਫਿਨਿਸ਼ਿੰਗ ਦਾ ਕੰਮ: ਗੋਲਡੀ

ਪੈ.ਗਾਮ-ਏ-ਜਗਤ
ਖਰੜ (ਦਵਿੰਦਰ ਕੌਰ)

- 31 ਮਾਰਚ ਤੋਂ ਪਹਿਲਾਂ ਲੋਕਾਂ ਨੂੰ ਸਮਰਪਿਤ ਕਰਨ ਦਾ ਟੀਚਾ, ਵਿਆਹ-ਸ਼ਾਦੀਆਂ ਅਤੇ ਸਮਾਜਿਕ ਸਮਾਗਮਾਂ ਲਈ ਮਿਲੇਗੀ ਵੱਡੀ ਸਹੂਲਤ



ਪਿੰਡ ਝੁੱਗੀਆਂ ਵਿਖੇ ਪਿਛਲੇ ਲੰਬੇ ਸਮੇਂ ਤੋਂ ਅਧੂਰੇ ਪਏ ਕਮਿਊਨਿਟੀ ਸੈਂਟਰ (ਸਰਕਾਰੀ ਮੈਰਿਜ ਪੈਲੇਸ) ਦਾ ਨਿਰਮਾਣ ਕਾਰਜ ਮੁੜ ਸ਼ੁਰੂ ਕਰਵਾ ਦਿੱਤਾ ਗਿਆ ਹੈ। ਇਸ ਮੌਕੇ ਹਲਕਾ ਖਰੜ ਦੇ ਇੰਚਾਰਜ ਸ. ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਇਹ ਪ੍ਰੋਜੈਕਟ ਪਿਛਲੇ ਸਾਢੇ ਚਾਰ ਸਾਲਾਂ ਤੋਂ ਰੁਕਿਆ ਹੋਇਆ ਸੀ ਅਤੇ ਪਹਿਲਾਂ ਸਿਰਫ਼ ਇਸ ਦਾ ਮੁੱਢਲਾ ਢਾਂਚਾ ਹੀ ਤਿਆਰ ਕੀਤਾ ਗਿਆ ਸੀ।

ਸ. ਗੋਲਡੀ ਨੇ ਦੱਸਿਆ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਜਦੋਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਤਾਂ ਉਨ੍ਹਾਂ ਨੇ ਇਸ ਨੂੰ ਮੁੜ ਸ਼ੁਰੂ ਕਰਵਾਉਣ ਲਈ ਪ੍ਰਕਿਰਿਆ ਆਰੰਭ ਕੀਤੀ। ਹੁਣ ਇਸ ਪ੍ਰੋਜੈਕਟ ਦੇ ਬਾਕੀ ਰਹਿੰਦੇ ਫਿਨਿਸ਼ਿੰਗ ਦੇ ਕੰਮ ਲਈ 3.27 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਕਰੀਬ 7 ਏਕੜ ਰਕਬੇ ਵਿੱਚ ਫੈਲਿਆ ਇਹ ਕਮਿਊਨਿਟੀ ਸੈਂਟਰ ਲਗਭਗ ਪੌਣੇ 7 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਤਿਆਰ ਹੋਵੇਗਾ। ਇਸ ਦੇ ਮੁਕੰਮਲ ਹੋਣ ਨਾਲ ਖਰੜ ਹਲਕੇ ਦੇ ਲੋਕਾਂ ਨੂੰ ਵਿਆਹ-ਸ਼ਾਦੀਆਂ, ਸਮਾਜਿਕ ਸਮਾਗਮਾਂ ਅਤੇ ਮੀਟਿੰਗਾਂ ਲਈ ਸਰਕਾਰੀ ਹਾਲ ਦੀ ਸਹੂਲਤ ਉਪਲਬਧ ਹੋਵੇਗੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਆਹ-ਸ਼ਾਦੀਆਂ ਲਈ ਨਿੱਜੀ ਮੈਰਿਜ ਪੈਲੇਸਾਂ 'ਤੇ ਲੋਕਾਂ ਨੂੰ ਕਾਫ਼ੀ ਖਰਚਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਇਹ ਸਰਕਾਰੀ ਕਮਿਊਨਿਟੀ ਸੈਂਟਰ ਇਲਾਕੇ ਦੇ ਲੋਕਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ ਅਤੇ ਲੋਕਾਂ ਨੂੰ ਘੱਟ ਖਰਚੇ ਵਿੱਚ ਆਪਣੇ ਸਮਾਗਮ ਕਰਨ ਦੀ ਸਹੂਲਤ ਮਿਲੇਗੀ। ਉਨ੍ਹਾਂ ਉਮੀਦ ਜਤਾਈ ਕਿ 31 ਮਾਰਚ ਤੋਂ ਪਹਿਲਾਂ ਇਸ ਕਮਿਊਨਿਟੀ ਸੈਂਟਰ ਦਾ ਕੰਮ ਮੁਕੰਮਲ ਕਰਕੇ ਇਸ ਨੂੰ ਲੋਕਾਂ ਦੀ ਸੇਵਾ ਵਿੱਚ ਸਮਰਪਿਤ ਕਰ ਦਿੱਤਾ ਜਾਵੇਗਾ।

ਇਸ ਮੌਕੇ ਪ੍ਰਭਜੋਤ ਸਿੰਘ ਖਾਲਸਾ, ਗੋਵਿੰਦਰ ਸਿੰਘ ਚੀਮਾ ਅਤੇ ਪਿੰਡ ਝੁੱਗੀਆਂ ਦੇ ਲਖਵੀਰ ਸਿੰਘ ਚੀਮਾ ਨੇ ਆਪਣੇ ਸੰਬੋਧਨ ਦੌਰਾਨ ਸ. ਪਰਮਿੰਦਰ ਸਿੰਘ ਗੋਲਡੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਰੁਕਿਆ ਹੋਇਆ ਇਹ ਕੰਮ ਮੁੜ ਸ਼ੁਰੂ ਕਰਵਾਉਣਾ ਇਲਾਕੇ ਦੇ ਲੋਕਾਂ ਲਈ ਮਹੱਤਵਪੂਰਨ ਉਪਰਾਲਾ ਹੈ ਅਤੇ ਇਸ ਨਾਲ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਇਸ ਮੌਕੇ ਕਾਰਜ ਸਾਧਕ ਅਧਿਕਾਰੀ (ਈ.ਓ.) ਸ. ਅਸ਼ੋਕ ਪਥਰੀਆ ਸਮੇਤ ਨਗਰ ਕੌਂਸਲ ਦਾ ਦਫ਼ਤਰੀ ਸਟਾਫ਼, ਗੋਵਿੰਦਰ ਸਿੰਘ ਚੀਮਾ, ਪ੍ਰਭਜੋਤ ਸਿੰਘ ਖਾਲਸਾ, ਪਰਮਿੰਦਰ ਭਾਟੀਆ, ਰਾਮ ਸਰੂਪ, ਰਾਜਵੀਰ ਰਾਜੀ, ਜੁਝਾਰ ਸਿੰਘ, ਲਖਵੀਰ ਸਿੰਘ ਚੀਮਾ, ਪੰਛੀ ਜੀ ਸਾਬਕਾ ਐਮ.ਸੀ., ਮੋਹਨ ਸਿੰਘ, ਬਲਜੀਤ ਸਿੰਘ ਮੀਡੀਆ ਇੰਚਾਰਜ, ਪ੍ਰਿੰਸ ਧਾਲੀਵਾਲ, ਸੁਖਵਿੰਦਰ ਸਿੰਘ ਸਮੇਤ ਇਲਾਕੇ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਨਗਰ ਕੌਂਸਲ ਖਰੜ ਵਿਖੇ ਸ਼ਿਕਾਇਤ ਕੇਂਦਰ ਦਾ ਪਰਮਿੰਦਰ ਸਿੰਘ ਗੋਲਡੀ ਨੇ ਕੀਤਾ ਉਦਘਾਟਨ

ਪੈ.ਗਾਮ-ਏ-ਜਗਤ/ਖਰੜ
23 ਨਵੰਬਰ, (ਦਵਿੰਦਰ ਕੌਰ)

- ਸ਼ਹਿਰ ਵਾਸੀ ਸੀਵਰੇਜ, ਗਲੀਆਂ, ਸਟਰੀਟ ਲਾਈਟਾਂ ਸਮੇਤ ਹਰ ਤਰ੍ਹਾਂ ਦੀ ਸਮੱਸਿਆ ਕਰਵਾ ਸਕਣਗੇ ਦਰਜ, ਸ਼ਿਕਾਇਤ ਦੇ ਹੱਲ ਉਪਰੰਤ ਦਿੱਤੀ ਜਾਵੇਗੀ ਫੀਡਬੈਕ



ਖਰੜ ਸ਼ਹਿਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਵਾਉਣ ਦੇ ਉਦੇਸ਼ ਨਾਲ ਨਗਰ ਕੌਂਸਲ ਖਰੜ ਵਿਖੇ ਸ਼ਿਕਾਇਤ ਕੇਂਦਰ ਦੀ ਸ਼ੁਰੂਆਤ ਕੀਤੀ ਗਈ। ਇਸ ਸ਼ਿਕਾਇਤ ਕੇਂਦਰ ਦਾ ਉਦਘਾਟਨ ਹਲਕਾ ਖਰੜ ਦੇ ਇੰਚਾਰਜ ਅਤੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਵੱਲੋਂ ਕੀਤਾ ਗਿਆ।

ਇਸ ਮੌਕੇ ਸ. ਗੋਲਡੀ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਨਗਰ ਕੌਂਸਲ ਨਾਲ ਸਬੰਧਤ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਇੱਕ ਸੁਚੱਜਾ ਮੰਚ ਮੁਹੱਈਆ ਕਰਵਾਉਣ ਵਾਸਤੇ ਇਹ ਸ਼ਿਕਾਇਤ ਕੇਂਦਰ ਸਥਾਪਤ ਕੀਤਾ ਗਿਆ ਹੈ। ਹੁਣ ਸ਼ਹਿਰ ਦੇ ਲੋਕ ਸੀਵਰੇਜ ਦੀ ਸਮੱਸਿਆ, ਗਲੀਆਂ ਦੀ ਮੁਰੰਮਤ, ਸਟਰੀਟ ਲਾਈਟਾਂ, ਸੀਵਰੇਜ ਦੇ ਟੁੱਟੇ ਜਾਂ ਗਾਇਬ ਢੱਕਣ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਆਪਣੀਆਂ ਸ਼ਿਕਾਇਤਾਂ ਇੱਥੇ ਦਰਜ ਕਰਵਾ ਸਕਣਗੇ।

ਉਨ੍ਹਾਂ ਕਿਹਾ ਕਿ ਸ਼ਿਕਾਇਤ ਕੇਂਦਰ ਵਿੱਚ ਆਉਣ ਵਾਲੀ ਹਰੇਕ ਸ਼ਿਕਾਇਤ ਨੂੰ ਬਕਾਇਦਾ ਰਿਕਾਰਡ ਵਿੱਚ ਦਰਜ ਕੀਤਾ ਜਾਵੇਗਾ ਅਤੇ ਸਬੰਧਤ ਨਗਰ ਕੌਂਸਲ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਸਮੱਸਿਆ ਦਾ ਹੱਲ ਕਰਵਾਉਣ ਲਈ ਪੈਰਵੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ ਉਸ ਦੀ ਸ਼ਿਕਾਇਤ 'ਤੇ ਹੋਈ ਕਾਰਵਾਈ ਅਤੇ ਸਮੱਸਿਆ ਦੇ ਹੱਲ ਸਬੰਧੀ ਫੀਡਬੈਕ ਵੀ ਦਿੱਤੀ ਜਾਵੇਗੀ, ਤਾਂ ਜੋ ਲੋਕਾਂ ਨੂੰ ਆਪਣੇ ਕੰਮ ਦੀ ਸਥਿਤੀ ਬਾਰੇ ਜਾਣਕਾਰੀ ਮਿਲਦੀ ਰਹੇ।

ਉਨ੍ਹਾਂ ਦੱਸਿਆ ਕਿ ਇਹ ਸ਼ਿਕਾਇਤ ਕੇਂਦਰ ਨਗਰ ਕੌਂਸਲ ਦੇ ਦਫ਼ਤਰੀ ਸਮੇਂ ਅਨੁਸਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹਾ ਰਹੇਗਾ। ਇਸ ਪਹਿਲਕਦਮੀ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਨਾ, ਹਰ ਸ਼ਿਕਾਇਤ ਦਾ ਰਿਕਾਰਡ ਰੱਖਣਾ ਅਤੇ ਉਸ ਦੇ ਹੱਲ ਹੋਣ ਤੱਕ ਲਗਾਤਾਰ ਪੈਰਵੀ ਕਰਨਾ ਹੈ, ਤਾਂ ਜੋ ਲੋਕਾਂ ਨੂੰ ਆਪਣੀਆਂ ਮੁੱਢਲੀਆਂ ਸਹੂਲਤਾਂ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਖੱਜਲ-ਖੁਆਰ ਨਾ ਹੋਣਾ ਪਵੇ।

ਇਸ ਮੌਕੇ ਕਾਰਜ ਸਾਧਕ ਅਧਿਕਾਰੀ (ਈ.ਓ.) ਸ. ਅਸ਼ੋਕ ਪਥਰੀਆ ਸਮੇਤ ਨਗਰ ਕੌਂਸਲ ਦਾ ਦਫ਼ਤਰੀ ਸਟਾਫ਼, ਬਲਾਕ ਸੰਮਤੀ ਖਰੜ ਦੇ ਚੇਅਰਮੈਨ ਸ. ਰਘਬੀਰ ਸਿੰਘ ਮੋਦੀ,ਬਲਜੀਤ ਸਿੰਘ ਮੀਡੀਆ ਇੰਚਾਰਜ, ਯਸ਼ਪਾਲ ਬਾਂਸਲ, ਗੋਵਿੰਦਰ ਸਿੰਘ ਚੀਮਾ, ਪ੍ਰਭਜੋਤ ਸਿੰਘ ਖਾਲਸਾ, ਰਾਮ ਸਰੂਪ, ਰਾਜਵੀਰ ਰਾਜੀ, ਜੁਝਾਰ ਸਿੰਘ, ਮੋਹਨ ਸਿੰਘ, ਪ੍ਰਿੰਸ ਧਾਲੀਵਾਲ, ਸੁਖਵਿੰਦਰ ਸਿੰਘ, ਰਚਨਾ ਸ਼ਰਮਾ, ਮਨਪ੍ਰੀਤ ਸਿੰਘ, ਹਰਮੀਤ ਸਿੰਘ ਛਿੱਬਰ, ਬਲਾਕ ਸੰਮਤੀ ਮੈਂਬਰ ਜਗਜੀਤ ਸਿੰਘ ਅਤੇ ਮਨਜੀਤ ਸਿੰਘ ਸਮੇਤ ਇਲਾਕੇ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਸੱਥ ਵੱਲੋਂ ਗੋਸਲਾਂ ਦੀ ਕਾਵਿ-ਪੁਸਤਕ "ਸੱਚ ਦਾ ਪੁਜਾਰੀ" ਲੋਕ ਅਰਪਣ ਤੇ ਕਵੀ ਦਰਬਾਰ

ਖਰੜ, (ਪੈ.ਗਾਮ-ਏ-ਜਗਤ)



ਸਾਹਿਤਕ ਸੱਥ ਖਰੜ ਵੱਲੋਂ ਸਥਾਨਕ ਜੋਤੀ ਸਰੂਪ ਕੰਨਿਆਂ ਆਸਰਾ ਵਿਖੇ ਆਯੋਜਿਤ ਸਾਹਿਤਕ ਸਮਾਗਮ ਵਿੱਚ ਮਹਿੰਦਰ ਸਿੰਘ ਗੋਸਲਾਂ ਦੀ ਨਵੀਂ ਕਾਵਿ-ਪੁਸਤਕ "ਸੱਚ ਦਾ ਪੁਜਾਰੀ" ਲੋਕ ਅਰਪਣ ਕੀਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਸਨ ਨਾਮਵਰ ਲੇਖਕ ਭੁਪਿੰਦਰ ਸਿੰਘ ਸੰਧੂ, ਪ੍ਰਧਾਨ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਅੰਮ੍ਰਿਤਸਰ। ਉਨ੍ਹਾਂ ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਆਰ.ਡੀ.ਕੈਲੇ, ਬਾਬੂ ਰਾਮ ਦੀਵਾਨਾ, ਜਸਵਿੰਦਰ ਸਿੰਘ ਕਾਈਨੌਰ ਤੇ ਪਿਆਰਾ ਸਿੰਘ ਰਾਹੀ ਸ਼ਾਮਿਲ ਹੋਏ।

ਤਰਸੇਮ ਸਿੰਘ ਕਾਲੇਵਾਲ ਵੱਲੋਂ ਗਾਏ ਧਾਰਮਿਕ ਗੀਤ ਨਾਲ ਸ਼ੁਰੂਆਤ ਹੋਈ। ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਲੋਕ ਅਰਪਣ ਕਰਨ ਉਪਰੰਤ ਆਰ.ਡੀ.ਕੈਲੇ ਨੇ ਪੁਸਤਕ ਤੇ ਵਿਸਥਾਰ ਭਰਪੂਰ ਪੇਪਰ ਪੜ੍ਹਦਿਆਂ ਕਿਹਾ ਕਿ ਪੁਸਤਕ ਵਿਚਲੀਆਂ ਕਵਿਤਾਵਾਂ ਜਿੱਥੇ ਲੇਖਕ ਦੇ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ ਉੱਥੇ ਸਮਾਜ ਨੂੰ ਵਧੀਆ ਚੇਤਨਾ ਵੀ ਪ੍ਰਦਾਨ ਕਰਦੀਆਂ ਹਨ। ਜਸਵਿੰਦਰ ਸਿੰਘ ਕਾਈਨੌਰ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਇਹ ਕਵਿਤਾਵਾਂ ਸਮਾਜ ਦੇ ਵੱਖ-ਵੱਖ ਪਹਿਲੂਆਂ, ਮਾਂ -ਬੋਲੀ ਅਤੇ ਮਨੁੱਖੀ ਭਾਵਨਾਵਾਂ ਨੂੰ ਉਜਾਗਰ ਕਰਦੀਆਂ ਹਨ। ਸਰਬਜੀਤ ਸਿੰਘ ਪੱਡਾ ਨੇ ਕਿਹਾ ਕਿ ਇਹ ਕਵਿਤਾਵਾਂ ਸਮਾਜ ਵਿੱਚ ਫੈਲੀ ਹਰ ਬੁਰਾਈ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਮਹਿੰਦਰ ਸਿੰਘ ਗੋਸਲਾਂ ਨੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਪੁਸਤਕ ਵਿੱਚੋਂ ਕੁਝ ਰਚਨਾਵਾਂ ਵੀ ਪੜ੍ਹੀਆਂ। ਪਿਆਰਾ ਸਿੰਘ ਰਾਹੀ ਨੇ ਮੰਚ ਸੰਚਾਲਨ ਕਰਦਿਆਂ ਪੁਸਤਕ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸੱਥ ਵੱਲੋਂ ਭੁਪਿੰਦਰ ਸਿੰਘ ਸੰਧੂ, ਆਰ.ਡੀ. ਕੈਲੇ ਅਤੇ ਮਹਿੰਦਰ ਸਿੰਘ ਗੋਸਲਾਂ ਨੂੰ ਮੋਮੈਂਟੋ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਉਪਰੰਤ ਚੱਲੇ ਕਵੀ ਦਰਬਾਰ ਵਿੱਚ ਅਮਰਜੀਤ ਕੌਰ ਮੋਰਿੰਡਾ, ਮਨਜੀਤਪਾਲ ਸਿੰਘ, ਗੁਰਵਿੰਦਰ ਗੁਰੀ, ਬਾਬੂ ਰਾਮ ਦੀਵਾਨਾ, ਰਾਜਵਿੰਦਰ ਸਿੰਘ ਗੱਡੂ, ਡਾ. ਰਵਿੰਦਰ ਸਿੰਘ ਲੁਬ

‘ਖੇਡਾਂ ਵਤਨ ਪੰਜਾਬ ਦੀਆਂ’ ਦੇ ਸਮਾਪਤੀ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਮੀਟਿੰਗ



- 29 ਨਵੰਬਰ ਨੂੰ ਲਾਜਵੰਤੀ ਸਟੇਡੀਅਮ ਵਿਖੇ ਹੋਵੇਗਾ ਸੂਬਾ ਪੱਧਰੀ ਸਮਾਪਤੀ ਸਮਾਰੋਹ
- ਸੁਰੱਖਿਆ, ਸਾਫ਼-ਸਫ਼ਾਈ, ਪਾਰਕਿੰਗ, ਮੈਡੀਕਲ ਸਹੂਲਤਾਂ ਸਮੇਤ ਵੱਖ-ਵੱਖ ਪ੍ਰਬੰਧਾਂ ਦੀ ਕੀਤੀ ਸਮੀਖਿਆ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

‘ਖੇਡਾਂ ਵਤਨ ਪੰਜਾਬ ਦੀਆਂ’ ਦੇ ਸੂਬਾ ਪੱਧਰੀ ਸਮਾਪਤੀ ਸਮਾਰੋਹ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਅੱਜ ਲਾਜਵੰਤੀ ਸਟੇਡੀਅਮ ਵਿਖੇ ਤਿਆਰੀਆਂ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ ਗਈ। 29 ਨਵੰਬਰ ਨੂੰ ਹੋਣ ਵਾਲੇ ਇਸ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਏਡੀਸੀ ਦਸੂਹਾ ਅਤੇ ਆਰਟੀਓ ਅਮਨਦੀਪ ਕੌਰ ਘੁੰਮਣ, ਨਗਰ ਨਿਗਮ ਕਮਿਸ਼ਨਰ ਪ੍ਰੀਤਿੰਦਰ ਸਿੰਘ ਬੈਂਸ ਅਤੇ ਐਸਡੀਐਮ ਪਰਮਪ੍ਰੀਤ ਸਿੰਘ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮਾਪਤੀ ਸਮਾਰੋਹ ਦੇ ਪ੍ਰਬੰਧਾਂ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸੁਰੱਖਿਆ ਪ੍ਰਬੰਧਾਂ, ਸਾਫ਼-ਸਫ਼ਾਈ, ਮੈਡੀਕਲ ਟੀਮਾਂ ਦੀ ਤਾਇਨਾਤੀ, ਸੱਭਿਆਚਾਰਕ ਪ੍ਰੋਗਰਾਮਾਂ, ਪਾਰਕਿੰਗ ਵਿਵਸਥਾ, ਪੀਣ ਵਾਲੇ ਪਾਣੀ, ਬਿਜਲੀ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਸਬੰਧੀ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਸਮਾਰੋਹ ਨਾਲ ਜੁੜੀਆਂ ਸਾਰੀਆਂ ਤਿਆਰੀਆਂ ਨਿਰਧਾਰਤ ਸਮੇਂ ਤੋਂ ਪਹਿਲਾਂ ਮੁਕੰਮਲ ਕਰ ਲਈਆਂ ਜਾਣ। ਖਿਡਾਰੀਆਂ, ਦਰਸ਼ਕਾਂ ਅਤੇ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੀਆਂ ਪਤਵੰਤੀਆਂ ਸ਼ਖ਼ਸੀਅਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਸਾਰੇ ਪ੍ਰਬੰਧ ਸੁਚੱਜੇ ਢੰਗ ਨਾਲ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਸੂਬਾ ਪੱਧਰੀ ਸਮਾਪਤੀ ਸਮਾਰੋਹ ਨੂੰ ਸਫ਼ਲ ਬਣਾਉਣ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਅਤੇ ਸਹਿਯੋਗ ਨਾਲ ਕੰਮ ਕਰਨ ਅਤੇ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਪੂਰੀ ਗੰਭੀਰਤਾ ਨਾਲ ਨਿਭਾਉਣ, ਤਾਂ ਜੋ 29 ਨਵੰਬਰ ਨੂੰ ਸਮਾਰੋਹ ਸ਼ਾਨਦਾਰ, ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿ ਆ ਜਾ ਸਕੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਰੋਟਰੀ ਆਈ ਬੈਂਕ ਅਤੇ ਕੋਰਨੀਆਂ ਟਰਾਂਸਪਲਾਂਟ ਸੁਸਾਇਟੀ ਦੀ ਗੜ੍ਹਸ਼ੰਕਰ ਯੂਨਿਟ ਦੀ ਸਲਾਨਾ ਚੋਣ ਹੋਈ

ਗੜ੍ਹਸ਼ੰਕਰ, 22 ਨਵੰਬਰ
(ਪੈ.ਗਾਮ-ਏ-ਜਗਤ)

ਰੋਟਰੀ ਆਈ ਬੈਂਕ ਅਤੇ ਕੋਰਨੀਆਂ ਟਰਾਂਸਪਲਾਂਟ ਸੁਸਾਇਟੀ ਦੀ ਗੜ੍ਹਸ਼ੰਕਰ ਯੂਨਿਟ ਦੀ ਸਲਾਨਾ ਚੋਣ ਸ਼੍ਰੀ ਜੇ ਬੀ ਬਹਿਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਟੇਟ ਕਮੇਟੀ ਮੈਂਬਰ ਡਾਕਟਰ ਤਰਸੇਮ ਸਿੰਘ ਚੇਅਰਮੈਨ ਬਾਡੀ ਡੋਨੇਸ਼ਨ ਕਮੇਟੀ, ਪ੍ਰੋਫੈਸਰ ਦਲਜੀਤ ਸਿੰਘ ਜਨਰਲ ਸਕੱਤਰ, ਪ੍ਰੋਫੈਸਰ ਰਜੀਵ ਸ਼ਰਮਾ, ਸ਼੍ਰੀ ਕ੍ਰਿਸ਼ਨ ਕਿਸ਼ੋਰ ਹਾਜ਼ਰ ਸਨ ।ਸੰਸਥਾ ਹੁਣ ਤੱਕ 4185 ਲੋਕਾਂ ਦੀ ਅੱਖ ਦੀ ਪੁਤਲੀ ਦਾ ਸਫਲ ਅਪਰੇਸ਼ਨ ਕਰਵਾ ਕੇ ਉਹਨਾਂ ਦੀ ਜ਼ਿੰਦਗੀ ਰੋਸ਼ਨ ਕਰ ਚੁੱਕੀ ਹੈ ਅਤੇ ਸੰਸਥਾ ਦੀ ਇਹ ਸੇਵਾ ਲਗਾਤਾਰ ਜਾਰੀ ਹੈ। ਹੁਣ ਤੱਕ ਕੁਲ 34 ਬਾਡੀਜ ਮੈਡੀਕਲ ਕਾਲਜ ਨੂੰ ਰਿਸਰਚ ਲਈ ਭੇਜੀਆਂ ਜਾ ਚੁੱਕੀਆਂ ਹਨ। ਇਹਨਾਂ ਸਾਰੇ ਕੰਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਗੜ੍ਹਸ਼ੰਕਰ ਯੂਨਿਟ ਦੀ ਚੋਣ ਕੀਤੀ ਗਈ। ਜਿਸ ਵਿੱਚ ਡਾਕਟਰ ਲਖਵਿੰਦਰ ਕੁਮਾਰ ਨੂੰ ਤਹਿਸੀਲ ਪ੍ਰਧਾਨ, ਸੰਦੀਪ ਕੁਮਾਰ ਤਹਿਸੀਲ ਵਾਈਸ ਪ੍ਰਧਾਨ, ਹਰੀ ਕ੍ਰਿਸ਼ਨ ਗੰਗੜ ਤਹਿਸੀਲ ਜਨਰਲ ਸਕੱਤਰ, ਓਂਕਾਰ ਸਿੰਘ ਚਾਹਲਪੁਰੀ ਸੀਨੀਅਰ ਸਕੱਤਰ, ਭੁਪਿੰਦਰ ਸਿੰਘ ਤਹਿਸੀਲ ਸਕੱਤਰ, ਜਗਿੰਦਰ ਪਾਲ ਤਹਿਸੀਲ ਜੁਆਇੰਟ ਸਕੱਤਰ, ਰਾਜ ਮੱਲਣ ਵਿੱਕੀ ਤਹਿਸੀਲ ਕੈਸ਼ੀਅਰ, ਅਜਾਇਬ ਸਿੰਘ ਬੋਪਾਰਾਏ ਪ੍ਰੈਸ ਸਕੱਤਰ, ਰਮਨਦੀਪ ਸਿੰਘ ਜੁਇੰਟ ਪ੍ਰੈਸ ਸਕੱਤਰ, ਸ਼੍ਰੀ ਦਲਜੀਤ ਸਿੰਘ ਮੋਟੀਵੇਟਰ ਸਲਾਹਕਾਰ ਨਿਯੁਕਤ ਕੀਤਾ ਗਿਆ। ਟੀਮ ਇੰਚਾਰਜ ਡਾਕਟਰ ਤਰਸੇਮ ਸਿੰਘ ਨੇ ਸਾਰਿਆਂ ਨੂੰ ਵਧਾਈ ਦਿੱਤੀ ਤੇ ਸੰਸਥਾ ਲਈ ਆਪਣੀਆਂ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ।

ਛਿੰਜੀ ਭਾਈਚਾਰੇ ਦਾ 35ਵਾਂ ਸਾਲਾਨਾ ਜੋੜ ਮੇਲਾ

ਪੈ.ਗਾਮ-ਏ-ਜਗਤ
ਚੇਲਾ ਦਾਤਾ (ਹੁਸ਼ਿਆਰਪੁਰ), 23 ਨਵੰਬਰ (ਕੁਲਵਰਨ ਸਿੱਧੂ)

ਜ਼ਿਲ੍ਹਾ ਹੁਸ਼ਿਆਰਪੁਰ ਦੇ ਪੁਰਾਤਨ ਤੇ ਪ੍ਰਸਿੱਧ ਪਿੰਡ ਚੇਲਾ ਦਾਤਾ ਵਿਖੇ ਛਿੰਜੀ ਜਠੇਰਿਆਂ ਦੇ ਪਵਿੱਤਰ ਅਸਥਾਨ ’ਤੇ 35ਵਾਂ ਸਾਲਾਨਾ ਜੋੜ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਅੱਜ ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਧਾਰਮਿਕ ਸਟੇਜ ਸਜਾਈ ਜਾਵੇਗੀ। ਬਾਅਦ ਦੁਪਹਿਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਇਸ ਧਾਰਮਿਕ ਇਕੱਠ ਵਿੱਚ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸੰਗਤਾਂ ਦੇ ਭਾਰੀ ਗਿਣਤੀ ਵਿੱਚ ਪਹੁੰਚਣ ਦੀ ਉਮੀਦ ਹੈ। ਕਮੇਟੀ ਪ੍ਰਬੰਧਕਾਂ ਵੱਲੋਂ ਸ਼ਰਧਾਲੂਆਂ ਲਈ ਹਰ ਤਰ੍ਹਾਂ ਦੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ।

ਰੋਟਰੀ ਆਈ ਬੈਂਕ ਸੁਸਾਇਟੀ ਦੀ ਗੜ੍ਹਸ਼ੰਕਰ ਇਕਾਈ ਦਾ ਗਠਨ, ਡਾ. ਲਖਵਿੰਦਰ ਕੁਮਾਰ ਬਣੇ ਪ੍ਰਧਾਨ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਰੋਟਰੀ ਆਈ ਬੈਂਕ ਐਂਡ ਕਾਰਨੀਅਲ ਾਂਸਪਲਾਂਟੇਸ਼ਨ ਸੁਸਾਇਟੀ ਦੀ ਗੜ੍ਹਸ਼ੰਕਰ ਇਕਾਈ ਦਾ ਗਠਨ ਸੁਸਾਇਟੀ ਦੇ ਪ੍ਰਧਾਨ ਜੇ.ਬੀ. ਬਹਿਲ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਕੀਤਾ ਗਿਆ। ਮੀਟਿੰਗ ਵਿੱਚ ਸੰਸਥਾ ਦੇ ਸੇਵਾ ਕਾਰਜਾਂ ਦੀ ਸਮੀਖਿਆ ਕੀਤੀ ਗਈ ਅਤੇ ਨਵੀਂ ਕਾਰਜਕਾਰਿਣੀ ਦੇ ਪਦਾਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ। ਰੋਟਰੀ ਆਈ ਬੈਂਕ ਅਤੇ ਕਾਰਨੀਅਲ ਾਂਸਪਲਾਂਟੇਸ਼ਨ ਸੁਸਾਇਟੀ ਹੋਸ਼ਿਆਰਪੁਰ ਦੀ ਸਥਾਪਨਾ ਨੇਤਰ ਦਾਨ ਤੇ ਕਾਰਨੀਆ ਾਂਸਪਲਾਂਟੇਸ਼ਨ ਦੀ ਸੇਵਾ ਲਈ ਕੀਤੀ ਗਈ ਸੀ।

ਇਸ ਮੌਕੇ ਸਟੇਟ ਕਮੇਟੀ ਮੈਂਬਰ ਅਤੇ ਚੇਅਰਮੈਨ ਬਾਡੀ ਡੋਨੇਸ਼ਨ ਕਮੇਟੀ ਡਾ. ਤਰਸੇਮ ਸਿੰਘ, ਮਹਾਸਕੱਤਰ ਪ੍ਰੋ. ਦਲਜੀਤ ਸਿੰਘ, ਪ੍ਰੋ. ਸੰਜੀਵ ਸ਼ਰਮਾ ਅਤੇ ਕ੍ਰਿਸ਼ਨ ਕਿਸ਼ੋਰ ਖਾਸ ਤੌਰ ’ਤੇ ਹਾਜ਼ਰ ਸਨ। ਮੀਟਿੰਗ ਵਿੱਚ ਦੱਸਿਆ ਗਿਆ ਕਿ ਸੁਸਾਇਟੀ ਹੁਣ ਤੱਕ 4,185 ਲੋਕਾਂ ਦਾ ਕਾਰਨੀਆ ਟਾਂਸਪਲਾਂਟੇਸ਼ਨ ਕਰਵਾਉਣ ਵਿੱਚ ਸਹਿਯੋਗ ਕਰ ਚੁੱਕੀ ਹੈ, ਜਿਸ ਨਾਲ ਦ੍ਰਿਸ਼ਟੀਹੀਣਤਾ ਤੋਂ ਪੀੜਤ ਲੋਕਾਂ ਨੂੰ ਨਵੀਂ ਰੌਸ਼ਨੀ ਮਿਲੀ ਹੈ। ਇਸ ਦੇ ਨਾਲ ਹੀ ਸੰਸਥਾ ਵੱਲੋਂ ਮੈਡੀਕਲ ਸਿੱਖਿਆ ਅਤੇ ਖੋਜ ਲਈ ਹੁਣ ਤੱਕ 34 ਪਾਰਥਿਵ ਦੇਹਾਂ ਵੱਖ-ਵੱਖ ਮੈਡੀਕਲ ਕਾਲਜਾਂ ਨੂੰ ਦਾਨ ਕੀਤੀਆਂ ਜਾ ਚੁੱਕੀਆਂ ਹਨ।

ਸਰਬਸੰਮਤੀ ਨਾਲ ਚੁਣੇ ਗਏ ਪਦਾਧਿਕਾਰੀ

ਨਵੀਂ ਕਾਰਜਕਾਰਿਣੀ ਵਿੱਚ ਡਾ. ਲਖਵਿੰਦਰ ਕੁਮਾਰ ਨੂੰ ਪ੍ਰਧਾਨ, ਸੰਦੀਪ ਕੁਮਾਰ ਨੂੰ ਉਪ-ਪ੍ਰਧਾਨ, ਹਰੀ ਕ੍ਰਿਸ਼ਨ ਗੰਗੜ ਨੂੰ ਮਹਾਸਕੱਤਰ, ਓਂਕਾਰ ਸਿੰਘ ਚਾਹਲਪੁਰੀ ਨੂੰ ਸੀਨੀਅਰ ਸਕੱਤਰ, ਭੁਪਿੰਦਰ ਸਿੰਘ ਨੂੰ ਸਕੱਤਰ, ਜੋਗਿੰਦਰ ਸਿੰਘ ਨੂੰ ਸੰਯੁਕਤ ਸਕੱਤਰ, ਰਾਜਨ ਸੱਲਣ (ਵਿੱਕੀ) ਨੂੰ ਕੈਸ਼ੀਅਰ, ਅਜਾਇਬ ਸਿੰਘ ਬੋਪਾਰਾਏ ਨੂੰ ਪ੍ਰੈੱਸ ਸਕੱਤਰ ਅਤੇ ਰਮਨਦੀਪ ਸਿੰਘ ਨੂੰ ਸੰਯੁਕਤ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ।

ਉਸੇ ਸਮੇਂ ਡਾ. ਦਲਜੀਤ ਸਿੰਘ ਨੂੰ ਮੋਟੀਵੇਟਰ ਅਤੇ ਸਲਾਹਕਾਰ ਦੀ ਜ਼ਿੰਮੇਵਾਰੀ ਸੌਂਪੀ ਗਈ। ਗੜ੍ਹਸ਼ੰਕਰ ਇਕਾਈ ਲਈ ਸਤਿਵਿੰਦਰ ਸਿੰਘ ਸੇਂਭੀ ਨੂੰ ਪ੍ਰਧਾਨ ਵਜੋਂ ਦਰਜ ਕੀਤਾ ਗਿਆ ਹੈ।

ਅੰਤ ਵਿੱਚ ਡਾ. ਤਰਸੇਮ ਸਿੰਘ ਨੇ ਨਵੇਂ ਨਿਯੁਕਤ ਪਦਾਧਿਕਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨੇਤਰ ਦਾਨ ਅਤੇ ਦੇਹ ਦਾਨ ਵਰਗੇ ਕਾਰਜ ਮਾਨਵਤਾ ਦੀ ਸੱਚੀ ਸੇਵਾ ਹਨ। ਉਨ੍ਹਾਂ ਨਵੀਂ ਟੀਮ ਤੋਂ ਇਸ ਮੁਹਿੰਮ ਨੂੰ ਪਿੰਡ-ਪਿੰਡ ਤੱਕ ਪਹੁੰਚਾਉਣ ਅਤੇ ਲੋਕਾਂ ਨੂੰ ਨੇਤਰ ਦਾਨ ਤੇ ਦੇਹ ਦਾਨ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਰੋਟਰੀ ਆਈ ਬੈਂਕ ਐਂਡ ਕਾਰਨੀਅਲ ਾਂਸਪਲਾਂਟੇਸ਼ਨ ਸੁਸਾਇਟੀ ਦੀਆਂ ਪਿਛਲੀਆਂ ਮੀਟਿੰਗਾਂ ਵਿੱਚ ਵੀ ਨੇਤਰ ਦਾਨ ਅਤੇ ਕਾਰਨੀਆ ਾਂਸਪਲਾਂਟੇਸ਼ਨ ਦੇ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਧਾਨ ਦੀ ਚੋਣ ਸਰਬਸੰਮਤੀ ਨਾਲ ਕੀਤੀ ਜਾਂਦੀ ਰਹੀ ਹੈ।

ਬਡਲਾ ਪਿੰਡ ਦੀ 7.88 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨਾਲ ਬਦਲ ਰਹੀ ਨੁਹਾਰ : ਵਿਧਾਇਕ ਡਾ. ਇਸ਼ਾਂਕ ਕੁਮਾਰ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

- ਸੰਪਰਕ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ 6 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪੁਲ ਦਾ ਰੱਖਿਆ ਨੀਂਹ ਪੱਥਰ

ਹਲਕਾ ਚੱਬੇਵਾਲ ਵਿੱਚ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਆਵਾਜਾਈ ਦੀਆਂ ਸਹੂਲਤਾਂ ਵਿੱਚ ਸੁਧਾਰ ਲਿਆਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਪਿੰਡ ਬਡਲਾ ਵਿਖੇ 6 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਬਣਨ ਵਾਲੇ ਇੱਕ ਅਹਿਮ ਪੁਲ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਪੁਲ ਦੇ ਬਣਨ ਨਾਲ ਆਸ-ਪਾਸ ਦੇ ਪਿੰਡਾਂ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਨਾਲ ਲੋਕਾਂ, ਵਾਹਨਾਂ ਅਤੇ ਖੇਤੀਬਾੜੀ ਨਾਲ ਸਬੰਧਤ ਉਤਪਾਦਾਂ ਦੀ ਆਵਾਜਾਈ ਸੁਖਾਲੀ ਹੋਵੇਗੀ। ਖਾਸ ਕਰਕੇ ਬਰਸਾਤ ਦੇ ਮੌਸਮ ਦੌਰਾਨ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਤੋਂ ਵੀ ਨਿਜਾਤ ਮਿਲੇਗੀ।

ਇਸ ਮੌਕੇ ਗੱਲਬਾਤ ਕਰਦਿਆਂ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ, ਕਿਉਂਕਿ ਬਿਹਤਰ ਸੜਕਾਂ ਅਤੇ ਪੁਲ ਪਿੰਡਾਂ ਦੇ ਲੋਕਾਂ ਦੀ ਸਹੂਲਤ ਅਤੇ ਆਰਥਿਕ ਖੁਸ਼ਹਾਲੀ ਵਿੱਚ ਸਿੱਧਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜ ਇਸ ਸੋਚ ਨਾਲ ਕਰਵਾਏ ਜਾ ਰਹੇ ਹਨ ਕਿ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਬੁਨਿਆਦੀ ਸਹੂਲਤਾਂ ਵਿੱਚ ਵੀ ਸੁਧਾਰ ਲਿਆਂਦਾ ਜਾ ਸਕੇ।

ਪਿੰਡ ਬਡਲਾ ਵਿੱਚ ਹੋਏ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਇੱਥੇ 4 ਲੱਖ ਰੁਪਏ ਦੀ ਲਾਗਤ ਨਾਲ ਜਿਮ, 17 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ, 1.29 ਲੱਖ ਰੁਪਏ ਦੀ ਲਾਗਤ ਨਾਲ ਸੋਲਰ ਸਟਰੀਟ ਲਾਈਟਾਂ, 13 ਲੱਖ ਰੁਪਏ ਦੇ ਸਟਰੀਟ ਅਤੇ ਡਰੇਨੇਜ ਦੇ ਕੰਮ ਅਤੇ 4 ਲੱਖ ਰੁਪਏ ਦੀ ਲਾਗਤ ਨਾਲ ਸ਼ਮਸ਼ਾਨਘਾਟ ਵਿਖੇ ਫਰਸ਼ ਅਤੇ ਸ਼ੈੱਡ ਬਣਾਉਣ ਦੇ ਕੰਮ ਮੁਕੰਮਲ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ 15 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਅਤੇ 26.97 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨ ਦਾ ਵਿਕਾਸ ਕਾਰਜ ਜਾਰੀ ਹੈ। ਇਸੇ ਤਰ੍ਹਾਂ 3 ਲੱਖ ਰੁਪਏ ਦੀ ਲਾਗਤ ਨਾਲ ਇੱਕ ਹੋਰ ਖੇਡ ਮੈਦਾਨ ਬਣਾਉਣ ਦਾ ਕੰਮ ਬਕਾਇਆ ਹੈ।

ਉਨ੍ਹਾਂ ਇਲਾਕੇ ਵਿੱਚ ਸੜਕੀ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ 64.39 ਲੱਖ ਰੁਪਏ ਦੀ ਲਾਗਤ ਨਾਲ 3.72 ਕਿਲੋਮੀਟਰ ਲੰਬੀ ਪੱਟੀ ਤੋਂ ਬਡਲਾ ਵਾਇਆ ਹਰਮੋਇਆ ਸੜਕ ਦਾ ਨਿਰਮਾਣ ਕਾਰਜ ਜਾਰੀ ਹੈ, ਜਦਕਿ 30 ਲੱਖ ਰੁਪਏ ਦੀ ਲਾਗਤ ਨਾਲ 1 ਕਿਲੋਮੀਟਰ ਲੰਬੀ ਹਾਰਟਾ ਬਡਲਾ-ਬਨ ਵਾਲੀ ਸੜਕ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਹਰਮੋਇਆ ਤੋਂ ਪੱਟੀ ਬਡਲਾ ਤੱਕ ਸੜਕ ਅਤੇ ਇਸ ’ਤੇ 12.50 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੀ ਕਾਜ਼ਵੇਅ ਦਾ ਕੰਮ ਵੀ ਤੇਜ਼ੀ ਨਾਲ ਜਾਰੀ ਹੈ।

ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਵਿਕਾਸ ਦਾ ਅਸਲ ਮਕਸਦ ਉਦੋਂ ਹੀ ਪੂਰਾ ਹੁੰਦਾ ਹੈ, ਜਦੋਂ ਇਸ ਦਾ ਲਾਭ ਜ਼ਮੀਨੀ ਪੱਧਰ ’ਤੇ ਲੋਕਾਂ ਤੱਕ ਪਹੁੰਚੇ। ਉਨ੍ਹਾਂ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਅਤੇ ਸੜਕਾਂ, ਡਰੇਨੇਜ, ਜਨਤਕ ਸਹੂਲਤਾਂ ਅਤੇ ਪੇਂਡੂ ਸੰਪਰਕ ਸਾਧਨਾਂ ਵਿੱਚ ਹੋਰ ਸੁਧਾਰ ਲਿਆਉਣ ਲਈ ਯਤਨ ਲਗਾਤਾਰ ਜਾਰੀ ਰਹਿਣਗੇ।

ਕੁਝ ਮਹੀਨੇ ਤੋਂ ਨਹਿਰੀ ਪਾਣੀ ਦੀ ਪਾਈਪ ਲਾਈਨ ਪਾਉਣ ਲਈ ਪੁੱਟੀ ਸੜਕ ਕਦੋਂ ਹੋਵੇਗੀ ਠੀਕ

ਪੈ.ਗਾਮ-ਏ-ਜਗਤ
ਨਵਾਂਸ਼ਹਿਰ/ਕਾਠਗੜ੍ਹ, 23 ਨਵੰਬਰ (ਹਰਸਿਮਰਨ ਜੋਤ ਸਿੰਘ)

- ਟੁੱਟੀ ਪਾਈਪ ਲਾਈਨ ਨਾਲ ਰੋਜ਼ਾਨਾ ਲੱਖਾਂ ਲੀਟਰ ਪਾਣੀ ਦੀ ਹੋ ਰਹੀ ਬਰਬਾਦੀ, ਵਿਭਾਗ ਨਹੀਂ ਕਰਦੇ ਕਿਸੇ ਦੀ ਪਰਵਾਹ



ਪਿੰਡ ਗੋਲੂ ਮਾਜਰਾ ਦੇ ਨੇੜੇ ਨਹਿਰੀ ਪਾਣੀ ਦੀ ਪਾਈਪ ਲਾਈਨ ਪਾਉਣ ਲਈ ਕਰੀਬ ਦੋ ਮਹੀਨੇ ਪਹਿਲਾਂ ਪੁੱਟੀ ਗਈ ਸੜਕ ਨੂੰ ਅਜੇ ਤੱਕ ਠੀਕ ਨਾ ਕੀਤੇ ਜਾਣ ਕਾਰਨ ਵਾਹਨ ਚਾਲਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਦਕਿ ਦੂਜੇ ਪਾਸੇ ਪੁੱਟ

ਖੇਡਾਂ ਵਤਨ ਪੰਜਾਬ ਦੀਆਂ-2026 ਤਹਿਤ ਰਾਜ ਪੱਧਰੀ ਨਿਸ਼ਾਨੇਬਾਜ਼ੀ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ
23 ਨਵੰਬਰ (ਪੈ.ਗਾਮ-ਏ-ਜਗਤ)



- ਮੋਹਾਲੀ ਵਿਖੇ ਰਾਜ ਪੱਧਰੀ ਸ਼ੂਟਿੰਗ ਮੁਕਾਬਲਿਆਂ ਵਿੱਚ ਪੰਜਾਬ ਭਰ ਦੇ ਖਿਡਾਰੀਆਂ ਨੇ ਦਿਖਾਏ ਨਿਸ਼ਾਨੇਬਾਜ਼ੀ ਦੇ ਜੌਹਰ

ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ 2026' ਤਹਿਤ ਮਿਤੀ 17 ਨਵੰਬਰ ਤੋਂ 23 ਨਵੰਬਰ 2026 ਤੱਕ ਰਾਜ ਪੱਧਰੀ ਸ਼ੂਟਿੰਗ (ਨਿਸ਼ਾਨੇਬਾਜ਼ੀ) ਜਿਲ੍ਹਾ ਐਸ ਏ ਐਸ ਨਗਰ ਵਿਖੇ ਮੁਕਾਬਲੇ ਬੜੇ ਹੀ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਖਿਡਾਰੀਆਂ ਨੇ ਆਪਣੇ ਨਿਸ਼ਾਨੇਬਾਜ਼ੀ ਦੇ ਜੌਹਰ ਦਿਖਾਏ। ਮੁਕਾਬਲਿਆਂ ਦੌਰਾਨ ਖਿਡਾਰੀਆਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਵੱਖ-ਵੱਖ ਖੇਡਾਂ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਜ਼ਿਲ੍ਹਿਆਂ ਦਾ ਨਾਮ ਰੌਸ਼ਨ ਕੀਤਾ। ਜੇਤੂ ਖਿਡਾਰੀਆਂ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ।ਟੂਰਨਾਮੈਂਟ ਦੌਰਾਨ ਐਮ ਐਲ ਏ ਫਰੀਦਕੋਟ ਸ੍ਰੀ ਗੁਰਦਿੱਤ ਸਿੰਘ ਸੇਖੋਂ ਵੱਲੋਂ ਵੀ ਸਿਰਕਤ ਕਰਕੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ ਗਈ।

ਮੁਕਾਬਲਿਆਂ ਦੀ ਸਮਾਪਤੀ ਮੌਕੇ ਇਨਾਮ ਵੰਡ ਸਮਾਰੋਹ ਦੌਰਾਨ ਜ਼ਿਲ੍ਹਾ ਖੇਡ ਅਫ਼ਸਰ ਮੋਹਾਲੀ ਮਿਸ ਉਮੇਸ਼ਵਰੀ ਸ਼ਰਮਾ ਵੱਲੋਂ ਜੇਤੂ ਖਿਡਾਰੀਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਜੇਤੂ ਖਿਡਾਰੀਆਂ ਨੂੰ ਨਕਦ ਇਨਾਮੀ ਰਾਸ਼ੀ ਨਾਲ ਨਿਵਾਜਿਆ ਜਾ ਰਿਹਾ ਹੈ, ਜਿਸ ਤਹਿਤ ਪਹਿਲਾ ਸਥਾਨ ਹਾਸਲ ਕਰਨ ਵਾਲੇ ਖਿਡਾਰੀ ਨੂੰ 10,000 ਰੁਪਏ, ਦੂਜਾ ਸਥਾਨ ਹਾਸਲ ਕਰਨ ਵਾਲੇ ਨੂੰ 7,000 ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਖਿਡਾਰੀ ਨੂੰ 5,000 ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਵੱਖ-ਵੱਖ ਵਰਗਾਂ ਦੇ ਅੰਤਿਮ ਨਤੀਜੇ ਹੇਠ ਲਿਖੇ ਅਨੁਸਾਰ ਹਨ:

ਮੈਚ ਨੰ. ਐਸ1: ਏਅਰ ਪਿਸਟਲ ਅੰਡਰ-14 ਲੜਕੇ (ਐੱਨ.ਆਰ.)

ਸਾਰਾਂਸ਼ ਸ਼ਰਮਾ (ਜਲੰਧਰ) ਨੇ ਪਹਿਲਾ ਸਥਾਨ ,ਗੁਰਮੇਹਰ ਸਿੰਘ (ਸੰਗਰੂਰ) ਨੇ ਦੂਸਰਾ ਸਥਾਨ - ਅਭਿਮੰਨਿਊ ਰਾਵਤ (ਪਟਿਆਲਾ) ਨੇ ਤੀਸਰਾ ਸਥਾਨ,

ਅਤੇ 2. ਮੈਚ ਨੰ. ਐਸ2: ਏਅਰ ਪਿਸਟਲ ਅੰਡਰ-14 ਲੜਕੀਆਂ (ਐੱਨ.ਆਰ.)

ਇਸ਼ਿਤਾ ਪਾਲ (ਪਟਿਆਲਾ) ਨੇ ਪਹਿਲਾ ਸਥਾਨ

ਸਮਾਇਰਾ ਭਾਟੀਆ (ਹੁਸ਼ਿਆਰਪੁਰ) ਨੇ ਦੂਸਰਾ ਸਥਾਨ, ਤੀਜਾ ਸਥਾਨ: ਨਵਿਆ (ਫਾਜ਼ਿਲਕਾ) -ਨੇ ਤੀਸਰਾ ਸਥਾਨ ਸਕੋਰ: 358

ਮੈਚ ਨੰ. ਐਸ3: ਏਅਰ ਰਾਈਫਲ ਅੰਡਰ-14 ਲੜਕੇ (ਐੱਨ.ਆਰ.) ਵਿੱਚ

ਤਨਵੀਰ ਸਿੰਘ (ਰੂਪਨਗਰ) ਨੇ ਪਹਿਲਾ ਸਥਾਨ ,

ਗੁਰਅੰਸ਼ ਸਿੰਘ (ਪਟਿਆਲਾ) ਨੇ ਦੂਸਰਾ ਸਥਾਨ-,

ਤੀਜਾ ਸਥਾਨ: ਏਕਨੂਰ ਸਿੰਘ (ਪਟਿਆਲਾ) ਨੇ ਤੀਸਰਾ ਸਥਾਨ ,

ਮੈਚ ਨੰ. ਐਸ4: ਏਅਰ ਰਾਈਫਲ ਅੰਡਰ-14 ਲੜਕੀਆਂ (ਐੱਨ. ਆਰ)

Bullet ਪਹਿਲਾ ਸਥਾਨ: ਕੈਰਾਵੀ ਗੋਇਲ (ਬਰਨਾਲਾ) ਨੇ ਪਹਿਲਾ ਸਥਾਨ -

ਤਨੀਸ਼ੀ ਭਾਰਦਵਾਜ (ਐਸ.ਏ.ਐਸ. ਨਗਰ) ਨੇ ਦੂਸਰਾ ਸਥਾਨ -

ਤੀਜਾ ਸਥਾਨ: ਸਰਗੁਣ ਸ਼ੈਲਨ ਕੌਰ ਗਿੱਲ (ਫਾਜ਼ਿਲਕਾ) ਨੇ ਤੀਸਰਾ ਸਥਾਨ-

5. ਮੈਚ ਨੰ. ਐਸ6: ਏਅਰ ਪਿਸਟਲ ਅੰਡਰ-14 ਲੜਕੀਆਂ (ਆਈ.ਐੱਸ.ਐੱਸ.ਐੱਫ) ਵਿੱਚ

: ਅਨਵੀ (ਐਸ.ਏ.ਐਸ. ਨਗਰ) ਨੇ ਪਹਿਲਾ ਸਥਾਨ-

. ਮੈਚ ਨੰ. ਐਸ7: ਏਅਰ ਰਾਈਫਲ ਅੰਡਰ-14 ਲੜਕੇ (ਆਈ.ਐੱਸ.ਐੱਸ.ਐੱਫ) ਵਿੱਚ

ਪਹਿਲਾ ਸਥਾਨ: ਦੀਪਇੰਦਰ ਸਿੰਘ (ਐਸ.ਏ.ਐਸ. ਨਗਰ)ਨੇ ਪਹਿਲਾ ਸਥਾਨ-

ਏਕਮਬੀਰ ਸਿੰਘ (ਐਸ.ਏ.ਐਸ. ਨਗਰ)ਨੇ ਦੂਸਰਾ ਸਥਾਨ -

ਰੁਦਰਾਂਸ਼ ਸ਼ਰਮਾ (ਅੰਮ੍ਰਿਤਸਰ) ਨੇ ਤੀਸਰਾ ਸਥਾਨ-

7. ਮੈਚ ਨੰ. ਐਸ8: ਏਅਰ ਰਾਈਫਲ ਅੰਡਰ-14 ਲੜਕੀਆਂ (ਆਈ.ਐੱਸ.ਐੱਸ.ਐੱਫ)

ਸਿਮਰਨ ਕੌਰ (ਸ੍ਰੀ ਮੁਕਤਸਰ ਸਾਹਿਬ) ਨੇ ਪਹਿਲਾ ਸਥਾਨ- ਸਕੋਰ: 619.1

ਤੁਰੰਨਿਆ (ਸੰਗਰੂਰ) ਨੇ ਦੂਸਰਾ ਸਥਾਨ - ਸਕੋਰ: 618.1

8. ਮੈਚ ਨੰ. S9: ਏਅਰ ਪਿਸਟਲ ਅੰਡਰ-17 ਲੜਕੇ (ਐੱਨ.ਆਰ)

ਪਹਿਲਾ ਸਥਾਨ: ਗੁਰਜੋਤ ਸਿੰਘ (ਜਲੰਧਰ) ਨੇ ਪਹਿਲਾ ਸਥਾਨ- ਸਕੋਰ: 379

ਕੁਲਵੀਰ ਸਿੰਘ (ਰੂਪਨਗਰ) ਨੇ ਦੂਸਰਾ ਸਥਾਨ - ਸਕੋਰ: 377

ਨਵਨੀਰ ਸਿੰਘ (ਬਠਿੰਡਾ) ਨੇ ਤੀਸਰਾ ਸਥਾਨ- ਸਕੋਰ: 374

9. ਮੈਚ ਨੰ. ਐੱਸ10: ਏਅਰ ਪਿਸਟਲ ਅੰਡਰ-17 ਲੜਕੀਆਂ (ਐੱਨ.ਆਰ)

ਬੁਲੇਟ ਪਹਿਲਾ ਸਥਾਨ: ਏਂਜਲਦੀਪ ਕੌਰ (ਸ੍ਰੀ ਮੁਕਤਸਰ ਸਾਹਿਬ) ਨੇ ਪਹਿਲਾ ਸਥਾਨ - ਸਕੋਰ: 367

ਗੀਤ ਕੌਰ (ਅੰਮ੍ਰਿਤਸਰ) ਨੇ ਦੂਸਰਾ ਸਥਾਨ- ਸਕੋਰ: 366

ਗੁਰਮੰਨਤ ਕੌਰ (ਤਰਨਤਾਰਨ) ਨੇ ਤੀਸਰਾ ਸਥਾਨ - ਸਕੋਰ: 366 ਪ੍ਰਾਪਤ ਕੀਤਾ

ਅੰਤ ਵਿੱਚ ਸ੍ਰੀਮਤੀ ਉਮੇਸ਼ਵਰੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਖੇਡਾਂ ਪ੍ਰਤੀ ਵਧ ਰਿਹਾ ਉਤਸ਼ਾਹ ਇਸ ਗੱਲ ਦਾ ਸੰਕੇਤ ਹੈ ਕਿ ਸੂਬੇ ਦੀ ਨਵੀਂ ਪੀੜ੍ਹੀ ਖੇਡਾਂ ਨੂੰ ਆਪਣੇ ਭਵਿੱਖ ਦਾ ਅਹਿਮ ਹਿੱਸਾ ਬਣਾ ਰਹੀ ਹੈ। ਅਤੇ ਅੰਤ ਵਿੱਚ ਉਹਨਾਂ ਨੇ ਸਮੂਹ ਪ੍ਰਬੰਧਕਾਂ, ਤਕਨੀਕੀ ਅਧਿਕਾਰੀਆਂ ਅਤੇ ਖਿਡਾਰੀਆਂ ਨੂੰ ਮੁਕਾਬਲਿਆਂ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ ਅਤੇ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਤਰ੍ਹਾਂ ਰਾਜ ਪੱਧਰੀ ਖੇਡ ਮੁਕਾਬਲਿਆਂ ਦਾ ਇਸ ਤਰ੍ਹਾ ਰਾਜ ਪੱਧਰੀ ਖੇਡਾਂ ਦਾ ਜਿਲ੍ਹਾ ਐਸ ਏ ਐਸ ਨਗਰ ਵਿੱਚ ਇਹ ਪੜਾਅ ਖਿਡਾਰੀਆਂ ਦੀਆਂ ਯਾਦਗਾਰ ਪ੍ਰਾਪਤੀਆਂ ਅਤੇ ਖੇਡ ਭਾਵਨਾ ਦੇ ਸੁਨੇਹੇ ਨਾਲ ਸੰਪੰਨ ਹੋਇਆ।

ਪੁਸਤਕ ਪੜਚੋਲ

ਅਹਿਸਾਸਾਂ ਦੀ ਕਾਵਿ ਰਚਨਾ ਹੈ-ਮੈਂ ਆਸ ਬੀਜਦਾ ਹਾਂ

ਪੁਸਤਕ ਦਾ ਨਾਂ-ਮੈ ਆਸ ਬੀਜਦਾ ਹਾਂ
ਕਵੀ -ਦਿਲਬਾਗ ਰਿਉਂਦ
ਪੰਨੇ-80, ਕੀਮਤ-150/- ਰੁਪਏ
ਪ੍ਰਕਾਸ਼ਕ-ਸਹਿਬਦੀਪ ਪਬਲੀਕੇਸ਼ਨਜ, ਭੀਖੀ।
ਰਿਵਿਊਕਾਰ - ਤੇਜਿੰਦਰ ਚੰਡਿਹੋਕ





ਦਿਲਬਾਗ ਰਿਉਂਦ

ਆਸ ਦਾ ਮਨੁੱਖ ਨਾਲ ਅਨਿੱਖੜਵਾਂ ਰਿਸ਼ਤਾ ਹੁੰਦਾ ਹੈ। ਜਨਮ ਤੋਂ ਮਰਨ ਤੱਕ ਮਨੁੱਖ ਅੰਦਰ ਕੋਈ ਨਾ ਕੋਈ ਆਸ ਬਝੀ ਰਹਿੰਦੀ ਹੈ। ਆਸ ਭਾਵੇਂ ਕਿਸੇ ਵੀ ਚੀਜ ਦੀ ਹੋਵੇ ਮਨੁੱਖ ਨੂੰ ਜਿੰਦਾ ਰੱਖਦੀ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਜਦ ਤੱਕ ਸਾਸ ਤਬ ਤੱਕ ਆਸ। ਮਨੁੱਖਾਂ ਵਿਚ ਇਕ ਆਸ ਬੀਜਦਾ ਕਵੀ ਦਿਲਬਾਗ ਰਿਉਂਦ ਨੇ ਆਪਣੀ ਪਲੇਠੀ ਕਾਵਿ ਪੁਸਤਕ ÷ਮੈਂ ਆਸ ਬੀਜਦਾ ਹਾਂ÷ ਨਾਲ ਸਾਹਿਤਕ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਭਾਵੇਂ ਇਹ ਪੁਸਤਕ ਉਸ ਦੀ ਪਲੇਠੀ ਮੌਲਿਕ ਰਚਨਾ ਹੈ ਪਰ ਉਸ ਨੇ ਸਾਂਝਾ ਕਾਵਿ ਸੰਗ੍ਰਹਿ ਹਰਫ਼ਾਂ ਦੇ ਸਫ਼ਰ ਅਤੇ ਸੰਪਾਦਿਤ ਕਾਵਿ ਸੰਗ੍ਰਹਿ ਸਿਰਨਾਵਿਆਂ ਦੀ ਤਲਾਸ਼ ' ਚ ਨਾਲ ਸਾਹਿਤ ਵਿਚ ਪੈਰ ਧਰਨਾ ਸ਼ੁਰੂ ਕੀਤਾ।

ਹਥਲੀ ਪੁਸਤਕ ਮੈਂ ਆਸ ਬੀਜਦਾ ਹਾਂ ਸਤਰ ਕੁ ਪੰਨਿਆਂ ਤੇ ਫੈਲੀ ਹੋਈ ਹੈ। ਇਸ ਪੁਸਤਕ ਦੀਆਂ ਰਚਨਾਵਾਂ ਵਿਚ ਭੁੱਖ, ਇੰਤਜ਼ਾਰ, ਜਿੰਮੇਵਾਰੀ, ਰਿਸ਼ਤੇ, ਕਰਜਾ, ਕੋਸ਼ਿਸ਼, ਮਤਲਬ ਪ੍ਰਸਤੀ ਅਤੇ ਦ੍ਰਿੜਤਾ ਦੇ ਸੰਕਲਪ ਮਿਲਦੇ ਹਨ। ਇੱਕਲੇ ਅਹਿਸਾਸ ਸਿਰਲੇਖ ਹੇਠ ਕਰੀਬ ਚਾਰ ਕਵਿਤਾਵਾਂ ਸ਼ਾਮਲ ਹਨ। ਮਜ਼ਦੂਰਾਂ ਦੀ ਗੱਲ ਕਰਦੀ ਕਵਿਤਾ ਚੇਤਨਤਾ ਕਿੱਥੇ ਹੈ ਜਿਸ ਵਿਚ ਕਰੜੀ ਮਿਹਨਤ, ਦਿਨ ਚੜ੍ਹੇ ਢਲੇ ਤੋਂ ਅਨਜਾਣ, ਖੇਤਾਂ ਵਿੱਚ ਪਾਣੀ ਦੀ ਵਾਰੀ ਦੀ ਚਿੰਤਾ, ਕੇਵਲ ਸਿਆਸੀ ਲੋਕ ਖਾਨਾ ਪੂਰਤੀ ਕਰਦੇ ਪਰ ਕਦੇ ਉਸਦੇ ਸੁਪਨੇ ਪੂਰੇ ਨਾ ਹੁੰਦੇ। ਦੀਵਾਲੀ ਤੇ ਇਕ ਘੰਟੇ ਦੀ ਮਿਲੀ ਛੁੱਟੀ ਉਸ ਲਈ ਅਹਿਮ ਹੁੰਦੀ ਹੈ। ਪੁਸਤਕ ਸਿਰਲੇਖ ਹੇਠਲੀ ਕਵਿਤਾ ਮੈਂ ਆਸ ਬੀਜਦਾ ਹਾਂ ਰਾਹੀਂ ਹੌਸਲਾ ਕਰਨ ਦਾ ਹੀਆ ਕਰਦਾ ਹੈ। ਉਹ ਆਖਦਾ ਹੈ ਕਿ ਉਸ ਕੋਲ ਬੀਜ ਹਨ ਜਿਹਨਾਂ ਨੂੰ ਬੀਜ ਕੇ ਮਾਲੀ ਵਾਂਗ ਦੇਖਭਾਲ ਕਰਨ, ਕੱਲਰ ਜਮੀਨ ਨੂੰ ਜਰਖੇਜ ਬਣਾਉਣ ਲਈ ਤਤਪਰ ਹੈ। ਅਹਿਸਾਸ ਦੀਆਂ ਕਵਿਤਾਵਾਂ ਵਿਚ ਦੁੱਖ, ਕਰਜਾ, ਗਰੀਬੀ ਅਤੇ ਵਿਛੋੜੇ ਵਰਗੇ ਅਹਿਸਾਸ ਪ੍ਰਾਪਤ ਹੁੰਦੇ ਹਨ। ਅਹਿਸਾਸ -2 ਕਿਸਾਨੀ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰਦਾ ਹੈ ਜਿਹੜਾ ਸਿਰੋਂ ਵੱਧ ਜਾਵੇ ਤਾਂ ਜਿਊਣ ਦੀ ਇੱਛਾ ਮਾਰ ਦਿੰਦਾ ਹੈ। ਅਨੇਕਾਂ ਦੁੱਖ ਝਲਦਾ ਬਾਪੂ ਤਸਵੀਰ ਬਣ ਜਾਂਦਾ ਹੈ। ਸ਼ਬਦਾਂ ਦੀ ਤਾਕਤ ਦਾ ਬਿਆਨ ਕਰਦੀ ਕਵਿਤਾ ਸ਼ਬਦ ਦੱਸਦੀ ਹੈ ਕਿ ਸ਼ਬਦ ਸਿਰਜਣਾ ਕਰਦੇ ਹਨ। ਸ਼ਬਦ ਕ੍ਰਾਂਤੀਕਾਰੀ ਅਤੇ ਆਦਿ ਜੁਗਾਦਿ ਹੁੰਦੇ ਨੇ, ਇਹਨਾਂ ਨੂੰ ਵਧਣ ਫੁੱਲਣ ਦੇਣਾ ਚਾਹੀਦਾ ਹੈ। ਪੁਸਤਕ ਦੀ ਕਵਿਤਾ ਅਖ਼ਿਤਅਣ ਰੁੱਖ ਦੀ ਹੋ ਰਹੀ ਨਿਰਾਦਰੀ ਨੂੰ ਦਰਸਾਉਂਦੀ ਹੈ। ਧੁੱਪ ਤੋਂ ਬਚਾਉਣ, ਆਕਸੀਜਨ ਦੇਣ, ਧਰਤੀ ਨੂੰ ਇਕੱਠਾ ਰੱਖਣ ਵਾਲੇ ਰੁੱਖਾਂ ਨੂੰ ਕਾਗਜ਼ ਬਣਾਉਣ ਲਈ ਕਟਿਆ ਜਾ ਰਿਹਾ ਹੈ।

ਆਦਮੀ ਦਾ ਇਰਾਦਾ ਮਜ਼ਬੂਤ ਹੋਣਾ ਚਾਹੀਦਾ ਹੈ। ਜੇਕਰ ਇਰਾਦਾ ਮਜ਼ਬੂਤ ਹੋਵੇ ਤਾਂ ਮਨੁੱਖ ਹਰ ਕੰਮ ਕਰ ਸਕਦਾ ਹੈ, ਕੋਈ ਕੰਮ ਅਸੰਭਵ ਨਹੀਂ ਹੋ ਸਕਦਾ। ਕਵਿਤਾ ਜਦੋਂ ਇਰਾਦਾ ਹੋਵੇ ਇਸੇ ਪ੍ਰਸੰਗ ਵਿੱਚ ਗੱਲ ਕਰਦਿਆਂ ਸੁੱਕੇ ਗੰਨੇ ਵਿਚ ਰਸ, ਅੱਕ ਤੇ ਅੰਬੀਆਂ ਲਾਉਣ ਲੱਗ ਜਾਂਦਾ ਹੈ। ਚਿਰਾਗ਼ ਜਗਾਂ ਦੇ ਨਾਮੀ ਕਵਿਤਾ ਵਿਚ ਕਵੀ ਨਾਲ ਗਿਲੇ ਦੇ ਸੰਦਰਭ ਵਿੱਚ ਮਜ਼ਦੂਰਾਂ ਕਿਰਤੀਆਂ ਨੂੰ ਹੌਸਲਾ ਦੇਣ ਦਾ ਯਤਨ ਕਰਦੀ ਹੈ। ਕੁਝ ਪੰਕਤੀਆਂ ਹਨ -

ਮੇਰੇ ਕੋਲ ਬੀਜ ਨੇ ਆਸ ਬੀਜਦਾ ਹਾਂ
ਕੁਝ ਕਿਆਰੀਆਂ ਨੇ ਖ਼ੁਸ਼ੀਆਂ ਦਾ ਛਿੱਟਾ ਦੇਣ ਲਈ... (ਪੰਨਾ 28)

ਜੇ ਤੇਰੇ ਕੰਨਾਂ ਨੂੰ ਰਾਸ ਨਹੀਂ
ਮਜਦੂਰਾਂ ਦੇ ਜਾਗੇ ਬੋਲ
ਕਿਰਤੀਆਂ ਦੀ ਖੁੱਲੀ ਅੱਖ ਤਾਂ
ਘੱਟੋ ਘੱਟ ਚਿਰਾਗ਼ ਜਗਣ ਦੇ
ਹੌਸਲੇ ਮਘਣ ਦੇ ।(ਪੰਨਾ 66)

ਇਹਨਾਂ ਕਵਿਤਾਵਾਂ ਤੋਂ ਇਲਾਵਾ ਮੋਢਾ, ਮੇਲ ਜੋਲ, ਮੇਰਾ ਘਰ, ਕਵਿਤਾ ਨਿਰੰਤਰ ਹੈ, ਵੀਰ ਦਾ ਵਿਛੋੜਾ, ਮਹਿਸੂਸਣਾ ਅਤੇ ਮੇਰਾ ਪਿੰਡ ਕਵਿਤਾਵਾਂ ਵੀ ਸ਼ਲਾਘਾਯੋਗ ਅਤੇ ਪੜਨਯੋਗ ਹਨ। ਇਸ ਪਲੇਠੀ ਮੌਲਿਕ ਪੁਸਤਕ ਲਈ ਰਿਉਂਦ ਨੂੰ ਮੁਬਾਰਕਾਂ।

-ਸਾਬਕਾ ਏ.ਐੱਸ.ਪੀ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ,
95010-00224

ਭਾਸ਼ਣ ਅਤੇ ਮਾਨਸ ਗਾਇਣ ਮੁਕਾਬਲਾ ਕਰਵਾਇਆ

ਪੈ.ਗਾਮ-ਏ-ਜਗਤ
ਅੰਬਾਲਾ, 23 ਨਵੰਬਰ (ਆਰ.ਸਿੰਘ)



ਸਨਾਤਨ ਧਰਮ ਸੀਨੀਅਰ ਸੈਕੰਡਰੀ ਸਕੂਲ, ਹਿੱਲ ਰੋਡ, ਅੰਬਾਲਾ ਛਾਉਣੀ ਵਿਖੇ ਅੱਜ ਸਭਾ ਵੱਲੋਂ ਭਾਸ਼ਣ ਅਤੇ ਮਾਨਸ ਗਾਇਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਸ਼੍ਰੀ ਸਨਾਤਨ ਧਰਮ ਸਭਾ ਰਜਿਸਟਰਡ ਅੰਬਾਲਾ ਛਾਉਣੀ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਮੁੱਖ ਮਹਿਮਾਨ ਵਜੋਂ ਐਸ.ਡੀ ਕਾਲਜ ਦੇ ਸੇਵਾ ਮੁਕਤ ਪ੍ਰਿੰਸੀਪਲ ਅਤੇ ਐਸ.ਡੀ ਐਜੂਕੇਸ਼ਨ ਬੋਰਡ ਦੇ ਚੇਅਰਮੈਨ ਡਾ. ਦੇਸ਼ ਬੰਧੂ ਨੇ ਆਪਣੀ ਹਾਜ਼ਰੀ ਲਗਵਾ ਕੇ ਸਕੂਲ ਨੂੰ ਨਿਵਾਜਿਆ।

ਇਸ ਮੁਕਾਬਲੇ ਦੌਰਾਨ ਸਕੂਲ ਵੱਲੋਂ ਕਈ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।

ਭਾਸ਼ਣ ਮੁਕਾਬਲੇ ਦਾ ਪਹਿਲਾ ਇਨਾਮ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਭਾਵੇਸ਼ ਨੇ ਅਤੇ ਦੂਜਾ ਇਨਾਮ ਐਸ.ਡੀ. ਕੰਨਿਆ ਸਕੂਲ ਦੀ ਵਿਦਿਆਰਥਣ ਪਰੀ ਨੇ ਪ੍ਰਾਪਤ ਕੀਤਾ। ਮਾਨਸ ਗਾਇਣ ਮੁਕਾਬਲੇ ਵਿਚ ਭਾਰਤੀ ਪਬਲਿਕ ਸਕੂਲ ਦੀ ਵਿਦਿਆਰਥਣ ਦਿਵਿਆਂਸ਼ੀ ਪਹਿਲੇ ਅਤੇ ਐਸ.ਡੀ. ਕੰਨਿਆ ਸਕੂਲ ਦੀ ਵਿਦਿਆਰਥਣ ਵੰਸ਼ਿਕਾ ਦੂਜੇ ਸਥਾਨ ਤੇ ਰਹੀ। ਜੇਤੂਆਂ ਦੇ ਨਾਲ ਹੋਰ ਭਾਗੀਦਾਰਾਂ ਨੂੰ ਵੀ ਯਾਦਗਾਰੀ ਚਿੰਨ੍ਹ ਦਿੱਤੇ ਗਏ।

ਸਕੂਲ ਦੇ ਚੇਅਰਮੈਨ ਕੈਲਾਸ਼ ਚੰਦ ਮਲਹੋਤਰਾ, ਪ੍ਰਬੰਧਕ ਪ੍ਰਮੋਦ ਗਰਗ ਅਤੇ ਜਨਰਲ ਸਕੱਤਰ ਸ਼੍ਰੀ ਸੁਧੀਰ ਬਿੰਦਲ ਨੇ ਮੁਕਾਬਲਾ ਆਯੋਜਿਤ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਠਾਕੁਰ ਸਿੰਘ ਚੌਹਾਨ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

ਜ਼ਮੀਨੀ ਵਿਵਾਦ ਵਿੱਚ ਨਿਰਪੱਖ ਜਾਂਚ ਅਤੇ ਸੁਰੱਖਿਆ ਦੀ ਮੰਗ, ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨੂੰ ਸੌਂਪਿਆ ਮੰਗ ਪੱਤਰ

ਊਨਾ, 23 ਨਵੰਬਰ
(ਪੈ.ਗਾਮ-ਏ-ਜਗਤ)



ਹਰੋਲੀ ਤਹਿਸੀਲ ਦੇ ਨੰਗਲ ਕਲਾਂ ਵਿੱਚ ਜ਼ਮੀਨੀ ਵਿਵਾਦ ਨੂੰ ਲੈ ਕੇ ਇੱਕ ਵਫ਼ਦ ਨੇ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਅਤੇ ਸਾਬਕਾ ਮੰਤਰੀ ਕੁਲਦੀਪ ਧੀਮਾਨ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ। ਵਫ਼ਦ ਨੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਸਬੰਧਤ ਪਰਿਵਾਰ ਨੂੰ ਸੁਰੱਖਿਆ ਪ੍ਰਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕਮਿਸ਼ਨ ਦੇ ਮੈਂਬਰ ਐਡਵੋਕੇਟ ਡਾ. ਵਿਜੇ ਡੋਗਰਾ ਅਤੇ ਮੈਂਬਰ ਸਕੱਤਰ ਵਿਸ਼ਰੁਤ ਭਾਰਤੀ ਵੀ ਹਾਜ਼ਰ ਸਨ। ਮੰਗ ਪੱਤਰ ਵਿੱਚ ਨੰਗਲ ਕਲਾਂ ਵਾਸੀ ਮਨਜੀਤ ਕੌਰ ਪਤਨੀ ਅਮਰਜੀਤ ਸਿੰਘ ਨੇ ਜ਼ਮੀਨੀ ਵਿਵਾਦ ਦੌਰਾਨ ਜਾਤੀਸੂਚਕ ਟਿੱਪਣੀਆਂ ਕਰਨ, ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਲ

ਮਨੁੱਖਤਾ ਦੇ ਗੁਰੂ: ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ

ਗੁਰੂ ਤੋਂ ਭਾਵ ਹੁੰਦਾ ਹੈ ਕਿ 'ਗ' ਮਤਲਬ ਹਨੇਰਾ 'ਰੂ' ਭਾਵ ਦੂਰ ਕਰਨਾ ਇਸਦਾ ਮਤਲਬ ਗੁਰੂ ਉਹ ਸਖਸ਼ੀਅਤ ਹੈ ਜੋ ਮਨੁੱਖਾਂ ਦੇ ਮਨਾਂ ਵਿੱਚ ਅਗਿਆਨਤਾ ਦਾ ਹਨੇਰਾ ਦੂਰ ਕਰਨ ਦੇ ਸਮਰੱਥ ਹੈ। ਇਸ ਕਰਕੇ ਹੀ ਭਾਈ ਗੁਰਦਾਸ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਧਰਤੀ ਤੇ ਪ੍ਰਕਾਸ਼ ਹੋਣ ਦੇ ਸਮੇਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਜਿਸ ਸਮੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਏ ਭੋਇ ਦੀ ਤਲਵੰਡੀ ਜਿਸ ਨੂੰ ਅੱਜ ਕੱਲ ਨਨਕਾਣਾ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਪਾਕਿਸਤਾਨ ਵਿੱਚ ਸਥਿਤ ਹੈ। ਪਿਤਾ ਕਲਿਆਣ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਕੁੱਖ ਤੋਂ ਕੱਤਕ ਦੀ ਪੁੰਨਿਆਂ ਨੂੰ ਪ੍ਰਕਾਸ਼ ਧਾਰਿਆ ਤਾਂ ਉਸ ਸਮੇਂ ਜੋ ਸੰਸਾਰ ਭਰ ਵਿੱਚ ਅਗਿਆਨਤਾ ਦਾ ਹਨੇਰਾ ਛਾਇਆ ਹੋਇਆ ਸੀ ਉਹ ਖ਼ਤਮ ਹੋ ਗਿਆ। ਗਿਆਨ ਦੇ ਸੱਚ ਦਾ ਪ੍ਰਕਾਸ਼ ਧਰਤੀ ਉਤੋਂ ਕੂੜ ਮੰਡਲਾਂ ਨੂੰ ਅਲੋਪ ਕਰ ਗਿਆ।

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿੱਚ ਉਸ ਸਮੇਂ ਦਾ ਜਿਕਰ ਇਸ ਤਰ੍ਹਾਂ ਕੀਤਾ ਹੈ:-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰ ਧਰਿ ਪੂਜਾ ਆਸਣ ਥਾਪਿਣ ਸੋਆ॥

ਗੁਰੂ ਸਾਹਿਬ ਦੇ ਪ੍ਰਕਾਸ਼ ਹੋਣ ਸਮੇਂ ਜੋ ਸਮਾਜ ਦੀ ਹਾਲਤ ਸੀ ਉਸਨੂੰ ਗੁਰੂ ਸਾਹਿਬ ਜੀ ਨੇ ਆਪ ਮਾਝ ਕੀ ਵਾਰ (ਮ:) ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੪੫ ਤੇ ਸੁਸ਼ੋਭਿਤ ਹੈ ਉਸ ਵਿੱਚ ਜਿਕਰ ਕੀਤਾ ਹੈ:-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਿਰ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥

ਜਿਸ ਤੋਂ ਭਾਵ ਹੈ ਕਿ ਕਲਯੁਗ ਵਿੱਚ ਰਾਜਿਆਂ ਦਾ ਸੁਭਾ ਛਰੀ ਵਾਂਗ ਹੈ ਜੋ ਪਰਜਾ ਤੇ ਜੁਲਮ ਕਰਕੇ ਪ੍ਰਜਾ ਨੂੰ ਪਾਲਣ ਦੀ ਥਾਂ ਉਹਨਾਂ ਨੂੰ ਦੁਖੀ ਕਰ ਰਹੇ ਹਨ ਜਿਵੇਂ ਕਸਾਈ ਜਾਨਵਰਾਂ ਨੂੰ ਦੁੱਖ ਦਿੰਦੇ ਹਨ ਧਰਮ ਭਾਵ ਸਚਾਈ ਪੰਖ ਲਾਕੇ ਉਡ ਗਈ ਹੈ । ਝੂਠ ਨੇ ਮੱਸਿਆ ਦੀ ਰਾਤ ਦੀ ਤਰਾਂ ਹਨੇਰਾ ਪਸਾਰਿਆ ਹੋਇਆ ਹੈ ਜਿਸ ਕਾਰਨ ਸੱਚ ਦਾ ਚੰਦਰਮਾ ਕਿਤੇ ਚੜ੍ਹਿਆ ਨਜ਼ਰ ਨਹੀਂ ਆ ਰਿਹਾ। ਮੈਂ ਸੱਚ ਦੀ ਖੋਜ ਵਿੱਚ ਬਿਆਕਲ ਭਾਵ ਪਰੇਸ਼ਾਨ ਹੋ ਗਿਆ ਹਾਂ। ਕੂੜ ਦਾ ਹਨੇਰਾ ਏਨਾਂ ਗੂੜਾ ਹੈ ਕਿ ਮੈਨੂੰ ਰਸਤਾ ਨਹੀਂ ਲੱਭ ਰਿਹਾ। ਲੋਕ ਏਨੀਂ ਹਉਮੈ ਵਿੱਚ ਫਸੇ ਹੋਏ ਹਨ ਕਿ ਏਨੀ ਤਕਲੀਫ ਵਿੱਚ ਹਨ ਜੋ ਉਹਨਾਂ ਤੋਂ ਸਹਿਣ ਨਹੀਂ ਕਰ ਹੋ ਰਹੀ। ਗੁਰੂ ਸਾਹਿਬ ਸਵਾਲ ਕਰਦੇ ਹਨ ਕਿ ਕਿਸ ਤਰੀਕੇ ਨਾਲ ਜੀਵਾਂ ਨੂੰ ਇਸ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਿਆ ਜਾ ਸਕਦਾ ਹੈ ਮੁਕਤ ਕਰਵਾਇਆ ਜਾ ਸਕਦਾ ਹੈ ਇਸ ਉਪਰੋਕਤ ਅਗਿਆਨਤਾ ਦੇ ਹਨੇਰੇ ਵਿੱਚ ਲੋਕਾਂ ਦੇ ਫਸਣ ਦਾ ਕਾਰਨ ਭਾਰਤ ਦੀ ਸਦੀਆਂ ਤੋਂ ਗੁਲਾਮ ਹੋ ਚੁੱਕੀ ਜਨਤਾ ਵਿੱਚ ਅਣਖ ਦਾ ਮਰ ਮਿਟ ਜਾਣਾ ਸੀ। ਇਥੋਂ ਦੇ ਵਸਨੀਕ ਬੱਸ ਆਪਣਾ ਜੀਵਨ ਜਿਉਣ ਤੱਕ ਹੀ ਸੀਮਤ ਰਹਿ ਗਏ ਸਨ।

ਉਸ ਸਮੇਂ ਪੰਜਾਬ ਵਾਸੀਆਂ ਦੇ ਕੰਨ ਭਾਰਤ ਤੇ ਹਮਲਾਵਰਾਂ ਦੇ ਘੋੜਿਆਂ ਦੇ ਸੰਮਾ ਦੀਆਂ ਟਾਪਾਂ, ਤੀਰਾਂ- ਤਲਵਾਰਾਂ ਦੀਆਂ ਅਵਾਜ਼ਾਂ ਅਤੇ ਭਾਰਤ ਦੀਆਂ ਮਟਿਆਰਾਂ ਦੀਆਂ ਕਰਲਾਹਟਾਂ ਸੁਣਨ ਦੇ ਆਦੀ ਹੋ ਚੁੱਕੇ ਸਨ । ਇਹ ਅਵਾਜ਼ਾਂ ਇਨਾਂ ਲੋਕਾਂ ਦੇ ਮਨ ਦੀ ਗੈਰਤ ਨੂੰ ਵੰਗਾਰਦੀਆਂ ਸਨ ਪਰ ਗੈਰਤ-ਹੀਣ ਹੋ ਚੁੱਕੇ ਲੋਕ ਇਸ ਵੰਗਾਰ ਤੋਂ ਸਹਿਮ ਕੇ ਖੱਲੀ-ਖੁੰਜੀ ਵੜ ਜਾਂਦੇ ਤੇ ਆਪਣੇ ਨਿਰਲੱਜ ਸਰੀਰਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਰਹਿੰਦੇ। ਇਹਨਾਂ ਲੋਕਾਂ ਦੀ ਤਰਸਯੋਗ ਹਾਲਤ ਤੇ ਬਾਬਰ ਦੇ ਜਬਰ ਵੱਲ ਤੱਕ ਕੇ ਹੀ ਐਮਨਾਬਾਦ ਭਾਈ ਲਾਲੋ ਦੇ ਗ੍ਰਹਿ ਵਿਖੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਕਾਲ ਪੁਰਖ ਨੂੰ ਸੰਬੋਧਨ ਹੋਕੇ ਆਸਾ ਰਾਗ ਵਿੱਚ ਕਿਹਾ ਸੀ

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਸੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
ਆਸਾ ਮਹਲਾ ॥੧॥ ਅੰਗ ੩੬੦

ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਜੀ ਨੂੰ ਸੰਬੋਧਨ ਹੋਕੇ ਕਿਹਾ ਕਿ ਬਾਬਰ ਖੁਰਾਸਾਨ ਦੇ ਇਲਾਕੇ ਜੋ ਇਲਾਕਾ ਇਰਾਨ ਦੇ ਪੂਰਬ ਅਤੇ ਅਫਗਾਨਿਸਤਾਨ ਦੇ ਪੱਛਮ ਵਾਲਾ ਹੈ ਬਾਬਰ ਜਿੱਤ ਕੇ ਹਿੰਦੁਸਤਾਨ ਦੇ ਲੋਕਾਂ ਨੂੰ ਹੁਣ ਡਰਾ ਰਿਹਾ ਹੈ । ਹੇ ਅਕਾਲ ਪੁਰਖ ਜੀ ਤੁਸੀਂ ਆਪਣੇ ਆਪ ਤੇ ਦੋਸ਼ ਨਹੀਂ ਲਿਆ ਮੁਗਲ ਨੂੰ ਮੌਤ ਦਾ ਫਰਿਸ਼ਤਾ ਬਣਾਕੇ ਭੇਜਿਆ ਹੈ ਕਿ ਉਸਨੇ ਇੰਨਾ ਜ਼ੁਲਮ ਕੀਤਾ ਹੈ ਹਿੰਦੁਸਤਾਨ ਦੀ ਜਨਤਾ ਦੇ ਲੋਕੀ ਕੁਰਲਾ ਉਠੇ ਹਨ ਹੇ ਵਾਹਿਗੁਰੂ ਜੀਓ ਤੁਹਾਨੂੰ ਕੋਈ ਤਰਸ ਨਹੀਂ ਆ ਰਿਹਾ ਇਨਾ ਜਨਤਾ ਤੇ ਹੇ ਕਰਤਾ ਪੁਰਖ ਵਾਹਿਗੁਰੂ ਜੀਓ ਤੁਸੀਂ ਹੀ ਤਾਂ ਸਾਰੀ ਜਨਤਾ ਦੀ ਸੁਧ ਲੈਣ ਵਾਲੇ ਪਾਲਣਹਾਰ ਹੋ ਤੁਹਾਡੇ ਲਈ ਤਾਂ ਸਾਰੇ ਬਰਾਬਰ ਹਨ। ਜੇ ਬਰਾਬਰ ਦਾ ਬਰਾਬਰ ਵਾਲੇ ਨਾਲ ਭਿੜੇ ਤਾਂ ਮਨ ਵਿੱਚ ਕੋਈ ਰੋਸ ਨਹੀਂ ਆਉਂਦਾ ਪਰ ਜੇ ਸ਼ੇਰ ਗਊਆਂ ਦੇ ਇੱਜੜ ਤੇ ਹੱਲਾ ਕਰਕੇ ਨਿਹੱਥਿਆ ਨੂੰ ਮਾਰ ਦੇਵੇ ਤਾਂ ਮਾਲਕ ਤੋਂ ਹੀ ਪੁੱਛ ਗਿੱਛ ਹੋਣੀ ਚਾਹੀਦੀ ਹੈ ਇਸ ਕਰਕੇ ਗੁਰੂ ਸਾਹਿਬ ਮਾਲਕ ਅਕਾਲ ਪੁਰਖ ਨਾਲ ਸਿੱਧੀ ਗੱਲ ਕਰਦੇ ਹੋਏ ਇਹ ਗੱਲਾਂ ਉਸ ਤੋਂ ਹੀ ਪੁੱਛ ਰਹੇ ਹਨ ਕਿ ਕੁੱਤੇ ਮੁਗਲਾਂ ਨੇ ਰਤਨਾਂ ਵਰਗੇ ਅਮੋਲਕ ਮਰਦਾਂ ਤੇ ਇਸਤਰੀਆਂ ਨੂੰ ਖਰਾਬ ਕਰ ਦਿੱਤਾ ਹੈ ਇਹਨਾਂ ਵਿਚਾਰੇ ਗਊਆਂ ਵਰਗੇ ਨਿਹੱਥੇ ਮੋਏ ਹੋਏ ਲੋਕਾਂ ਦੀ ਕੋਈ ਸਾਰ ਨਹੀਂ ਲੈ ਰਿਹਾ। ਕੋਈ ਬਾਤ ਨਹੀਂ ਪੁੱਛ ਰਿਹਾ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਹਿੰਦੋਸਤਾਨੀਆਂ ਦੀ ਹਾਲਤ ਵੇਖਕੇ 'ਹਾਅ' ਦਾ ਨਾਹਰਾ ਮਾਰਿਆ ਤੇ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਕੇ ਉਹਨਾਂ ਵਿੱਚ ਸਾਹਸ ਭਰਨ ਦਾ ਯਤਨ ਕੀਤਾ ਜੋ ਕਾਫੀ ਹੱਦ ਤੱਕ ਸਾਰਥਕ ਸਿੱਧ ਹੋਇਆ। ਲੋਕਾਂ ਵਿੱਚ ਅਣਖ ਅੰਗੜਾਈ ਲੈਣ ਲੱਗੀ।

ਗੁਰੂ ਸਾਹਿਬ ਜੀ ਨੇ ਆਪਣੀ ਸੰਸਾਰਕ ਯਾਤਰਾ ਦੇ ਮਨੋਰਥ ਨੂੰ ਬਚਪਨ ਵਿੱਚ ਹੀ ਉਜਾਗਰ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਦੇ ਦ੍ਰਿਸ਼ਟਾਂਤ ਉਸ ਸਮੇਂ ਤੋਂ ਮਿਲਣੇ ਸ਼ੁਰੂ ਹੋ ਗਏ ਸਨ ਜਦੋਂ ਗੁਰੂ ਸਾਹਿਬ ਜੀ ਨੂੰ ਗੋਪਾਲ ਪਾਂਧੇ ਕੋਲ ਪੜ੍ਹਨ ਭੇਜਿਆ ਤਾਂ ਗੁਰੂ ਸਾਹਿਬ ਨੇ ਸੱਤ ਸਾਲ ਦੀ ਉਮਰ ਵਿੱਚ ਪੰਜਾਬੀ ਦੇ ਅੱਖਰਾਂ ਤੋਂ ਸ਼ੁਰੂ ਕਰਕੇ ਬਾਣੀ ਉਚਾਰ ਦਿੱਤੀ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 432 ਤੇ ਆਸਾ ਪਟੀ ਦੇ ਸਿਰਲੇਖ ਹੇਠ ਸੁਸ਼ੋਭਿਤ ਹੈ ਇਹ ਬਾਣੀ ਗੁਰੂ ਸਾਹਿਬ ਜੀ ਨੇ 'ਸੱਸਾ' ਅੱਖਰ ਤੋਂ ਸ਼ੁਰੂ ਕੀਤੀ:-

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ ਕਾ ਸਫਲ ਭਇਆ ॥੧॥

ਜਿਸ ਤੋਂ ਭਾਵ ਹੈ ਹੇ ਪੰਡਤ ਜੀ 'ਸ' ਉਹ ਸੁਆਮੀ ਹੈ ਜਿਸਨੇ ਇਹ ਸਾਰੀ ਸ੍ਰਿਸਟੀ ਸਾਜੀ ਹੈ ਉਹ ਇਕੋ ਹੀ ਸਭਨਾ ਜੀਆਂ ਦਾ ਮਾਲਕ ਹੈ। ਜਿਹਨਾਂ ਦਾ ਚਿੱਤ ਉਸ ਸੁਆਮੀ ਦੀ ਸੇਵਾ ਵਿੱਚ ਜੁੜ ਜਾਂਦਾ ਹੈ ਉਹਨਾਂ ਦਾ ਇਸ ਜਗਤ ਵਿੱਚ ਆਉਣਾ ਸਫਲ ਹੋ ਜਾਂਦਾ ਹੈ।

ਗੁਰੂ ਸਾਹਿਬ ਜੀ ਵਲੋਂ ਉਚਾਰੀ ਇਸ ਪੂਰੀ ਬਾਣੀ ਨੂੰ ਪੜਕੇ ਪਾਂਧੇ ਦੇ ਤਾਂ ਹੋਸ਼ ਗੁੰਮ ਹੋ ਗਏ ਕਿ ਇੰਨੀ ਛੋਟੀ ਉਮਰ ਵਿੱਚ ਇੰਨੇ ਉਚੇ ਵਿਚਾਰ ਜਿਹੜੇ ਪਾਂਧੇ ਨੇ ਕਿਸੇ ਵੀ ਗ੍ਰੰਥ ਵਿੱਚ ਨਹੀਂ ਪੜੇ ਸਨ ਉਸਦੀ ਹੈਰਾਨੀ ਦੀ ਹੱਦ ਖਤਮ ਹੋ ਗਈ ਉਸਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਤੁਹਾਡਾ ਪੁੱਤਰ ਤਾਂ ਧੁਰ ਦੁਰਗਾਹੋਂ ਪੜ੍ਹਕੇ ਆਇਆ ਹੈ ਮੇਰੀ ਵਿਦਿਆ ਤਾਂ ਇਸਦੇ ਮੁਕਾਬਲੇ ਬਹੁਤ ਥੋੜੀ ਹੈ ਤੁਛ ਹੈ ਸੋ ਇਸ ਕਰਕੇ ਮੈਂ ਇਸ ਨੂੰ ਨਹੀਂ ਪੜ੍ਹਾ ਸਕਦਾ।

ਏਸ ਤਰ੍ਹਾਂ ਜਨੇਊ ਦੀ ਰਸਮ ਸਮੇਂ ਗੁਰੂ ਸਾਹਿਬ ਜੀ ਦੇ ਤਰਕ ਅੱਗੇ ਸਭ ਹੈਰਾਨ ਹੋ ਗਏ ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ ਕੇਵਲ ਨੌ ਸਾਲ ਦੀ ਸੀ ਜਦੋਂ ਗੁਰੂ ਸਾਹਿਬ ਜੀ ਨੂੰ ਜਨੇਊ ਪਹਿਨਾਉਣ ਦੀ ਰਸਮ ਹੋਣ ਲੱਗੀ ਸਾਹਿਬ ਜੀ ਨੇ ਪੰਡਤ ਜੀ ਨੂੰ ਸੁਆਲ ਕਰ ਦਿੱਤਾ ਜਿਹੜਾ ਆਸਾ ਦੀ ਵਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 471 ਤੇ ਸੁਸ਼ੋਭਿਤ ਹੈ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

ਭਾਵ ਕਿ ਜਨੇਊ ਜਿਹੜਾ ਕਪਾਹ ਦੇ ਧਾਗੇ ਨੂੰ ਵੱਟ ਕੇ ਗੰਢਾ ਦੇ ਕੇ ਬਣਾਇਆ ਗਿਆ ਹੁੰਦ ਹੈ ਜਿਹੜਾ ਮੈਲਾ ਹੋ ਜਾਂਦਾ ਹੈ ਜਲ ਜਾਂਦਾ ਹੈ ਟੁੱਟ ਜਾਂਦਾ ਹੈ ਗੁਰੂ ਸਾਹਿਬ ਕਹਿੰਦੇ ਹਨ ਮੈਨੂੰ ਅਜਿਹਾ ਜਨੇਊ ਨਹੀਂ ਚਾਹੀਦਾ ਮੈਨੂੰ ਜਿਹੜਾ ਜਨੇਊ ਚਾਹੀਦਾ ਹੈ ਉਹ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਹੜਾ ਉਹਨਾਂ ਉਪਰੋਕਤ ਸ਼ਬਦ ਵਿੱਚ ਦਰਸਾਇਆ ਕਿ ਦਯਾ ਕਪਾਹ ਹੋਵੇ ਤੇ ਕਪਾਹ ਤੋਂ ਬਣਾਇਆ ਧਾਗਾ ਸੰਤੋਖ ਦਾ ਹੋਵੇ ਜਿਸ ਨੂੰ ਜੱਤ ਦੀਆਂ ਭਾਵ ਪ੍ਰਹੇਜ ਦੀਆਂ ਗੰਢਾ ਦਿੱਤੀਆਂ ਹੋਣ ਤੇ ਸੁੱਚੇ ਆਚਰਣ ਦਾ ਵੱਟ ਚਾੜਿਆ ਹੋਇਆ ਹੋਵੇ। ਇਹੋ ਜਿਹਾ ਜਨੇਊ ਹੈ ਤਾਂ ਮੈਨੂੰ ਦੇਹ ਇਹ ਨਾ ਤੁੱਟਦਾ ਹੈ ਨਾ ਇਸਨੂੰ ਮੈਲ ਲੱਗਦੀ ਹੈ ਤੇ ਨਾ ਹੀ ਇਸ ਨੂੰ ਸਾੜਿਆ ਜਾ ਸਕਦਾ ਹੈ ਉਹ ਪ੍ਰਾਣੀ ਧੰਨ ਹਨ। ਜਿਹੜੇ ਅਜੇਹਾ ਜਨੇਉ ਆਪਣੇ ਗਲ ਵਿੱਚ ਪਾਉਂਦੇ ਹਨ।

ਅਜਿਹੇ ਕੌਤਕਾਂ ਨੂੰ ਦੇਖਕੇ ਪਿਤਾ ਮਹਿਤਾ ਕਾਲੂ ਜੀ ਦੁਨਿਆਵੀ ਤੌਰ ਤੇ ਚਿੰਤਤ ਹੋ ਜਾਂਦੇ ਹਨ। ਉਹ ਚਾਹੁੰਦੇ ਹਨ ਕਿ ਉਹ ਆਪਣੇ ਪੁੱਤਰ ਨੂੰ ਕਿਸੇ ਕਿਰਤ ਵਿੱਚ ਲਾ ਦੇਣ ਤਾਂ ਜੋ ਉਹਨਾਂ ਦਾ ਭਾਵ ਗੁਰੂ ਨਾਨਕ ਸਾਹਿਬ ਜੀ ਦਾ ਮਨ ਦੁਨਿਆਵੀ ਕਾਰਜਾਂ ਵਿੱਚ ਪਰਵਿਰਤ ਹੋ ਜਾਵੇ ਤਾਂ ਕਿ ਉਹ ਗ੍ਰਹਿਸਥ ਦੇ ਕਾਰਜਾਂ ਨੂੰ ਸੰਭਾਲਣ ਵੱਲ ਧਿਆਨ ਦੇਣ। ਇਸ ਸੋਚ ਅਧੀਨ ਉਹਨਾਂ ਨੇ ਗੁਰੂ ਸਾਹਿਬ ਜੀ ਨੂੰ ਵੀਹ ਰੁਪਏ ਦਿੱਤੇ ਕਿਹਾ ਕਿ ਇਸ ਨਾਲ ਵਪਾਰ ਸ਼ੁਰੂ ਕਰੋ ਆਪਣੀ ਕਿਰਤ ਦਾ ਪ੍ਰਬੰਧ ਕਰੋ ਗੁਰੂ ਸਾਹਿਬ ਵੀਹ ਰੁਪਏ ਲੈ ਕੇ ਨੇੜੇ ਦੇ ਵੱਡੇ ਨਗਰ ਚੂਹੜਕਾਣਾ ਵੱਲ ਚਲੇ ਗਏ। ਚੂਹੜਕਾਣੇ ਦੇ ਨੇੜ ਜੰਗਲ ਵਿੱਚ ਉਹਨਾਂ ਨੂੰ ਸਾਧੂਆਂ ਦੀ ਇੱਕ ਮੰਡਲੀ ਮਿਲੀ। ਜਿਹਨਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਿਆ ਕਿ ਉਹ ਤਾਂ ਬਹੁਤ ਦਿਨਾਂ ਤੋਂ ਭੁੱਖੇ ਸਨ ਗੁਰੂ ਸਾਹਿਬ ਨੇ ਚੂਹੜਕਾਣੇ ਤੋਂ ਉਹਨਾਂ ਵੀਹ ਰੁਪਇਆ ਨਾਲ ਸਾਧੂਆਂ ਲਈ ਭੋਜਨ ਦਾ ਪ੍ਰਬੰਧ ਕਰਕੇ ਉਹਨਾਂ ਭੁੱਖਿਆਂ ਨੂੰ ਛਕਾ ਦਿੱਤਾ ਤੇ ਲੰਗਰ ਦੀ ਪ੍ਰਥਾ ਦਾ ਆਰੰਭ ਕਰ ਦਿੱਤਾ ਇਸ ਦਾ ਜਦੋਂ ਪਿਤਾ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਤਾਂ ਉਹ ਬਹੁਤ ਗੁੱਸੇ ਹੋਏ ਇਥੋਂ ਤੱਕ ਕਿ ਗੁਰੂ ਸਾਹਿਬ ਦੇ ਚਪੇੜਾ ਵੀ ਮਾਰ ਦਿੱਤੀਆਂ ਮੌਕੇ 'ਤੇ ਬੇਬੇ ਨਾਨਕੀ ਜੀ ਨੇ ਆਪਣੇ ਭਰਾ ਨੂੰ ਪਿਤਾ ਜੀ ਦੇ ਗੁੱਸੇ ਤੋਂ ਬਚਾਇਆ ਪਰ ਇਹ ਘਟਨਾ ਸਿੱਖ ਇਤਿਹਾਸ ਦੀ ਵੱਡੀ ਘਟਨਾ ਬਣ ਗਈ ਜਿਸ ਤੋਂ ਲੰਗਰ ਪ੍ਰਥਾ ਦਾ ਆਰੰਭ ਹੋ ਗਿਆ। ਉਹ ਵੀਹ ਰੁਪਇਆ ਦਾ ਛਕਾਇਆ ਲੰਗਰ ਅੱਜ ਕਿਡੀ ਵੱਡੀ ਸੰਸਥਾ ਦਾ ਰੂਪ ਧਾਰਨ ਕਰ ਚੁੱਕਾ ਹੈ ਤੇ ਦੁਨਿਆ ਦੇ ਕੋਨੇ ਕੋਨੇ ਤੱਕ ਭੁੱਖਿਆਂ ਨੂੰ ਲੰਗਰ ਛਕਾਉਣ ਦਾ ਆਧਾਰ ਬਣ ਚੁਕਿਆ ਹੈ।

ਇਸ ਘਟਨਾ ਤੋਂ ਬਾਅਦ ਬੇਬੇ ਨਾਨਕੀ ਜੀ ਆਪਣੇ ਭਰਾ ਨੂੰ ਅਪਣੇ ਕੋਲ ਸੁਲਤਾਨਪੁਰ ਲੈ ਗਏ ਭਾਈਏ ਜੈ ਰਾਮ ਜੀ ਜੋ ਬੇਬੇ ਨਾਨਕੀ ਜੀ ਦੇ ਪਤੀ ਸਨ ਤੇ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਚੰਗੀ ਪੁੱਛ ਪੜਤਾਲ ਸੀ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਮੋਦੀਖਾਨੇ ਦੀ ਨੌਕਰੀ ਦਵਾ ਦਿੱਤੀ । ਮੋਦੀਖਾਨੇ ਦੀ ਨੌਕਰੀ ਉਸ ਸਮੇਂ ਇੱਕ ਚੰਗੇ ਵਕਾਰ ਵਾਲੀ ਨੌਕਰੀ ਸਮਝੀ ਜਾਂਦੀ ਸੀ। ਮੋਦੀਖਾਨੇ ਵਿੱਚ ਸਰਕਾਰੀ ਅਨਾਜ ਜਮ?ਹਾਂ ਹੁੰਦਾ ਸੀ ਤੇ ਇਹ ਅਨਾਜ ਸਰਕਾਰੀ ਮੁਲਾਜ਼ਮਾਂ ਅਤੇ ਆਮ ਨਾਗਰਿਕਾਂ ਨੂੰ ਥੋੜੇ ਜਿਹੇ ਮੁਨਾਫੇ ਨਾਲ ਵੇਚਿਆ ਜਾਂਦਾ ਸੀ। ਗੁਰੂ ਸਾਹਿਬ ਇਸ ਕਾਰਜ਼ ਨੂੰ ਪੂਰੀ ਲਗਨ ਨਾਲ ਕਰਨ ਲੱਗ ਪਏ। ਕਾਫੀ ਸਮਾਂ ਇਸ ਕਾਰਜ਼ ਨੂੰ ਕਰਦਿਆਂ ਲੰਘ ਗਿਆ। ਇਕ ਦਿਨ ਸੌਦਾ ਤੋਲਦਿਆਂ ਜਦੋਂ ਗੁਰੂ ਸਾਹਿਬ ਤੇਰਵੀਂ ਧਾਰਨਾ ਤੇ ਪਹੁੰਚੇ ਤਾਂ ਤੇਰਾ ਤੇਰਾ ਬੋਲਦੇ ਅਕਾਲ ਪੁਰਖ ਦੀ ਅਰਾਧਨਾ ਵਿੱਚ ਲੀਨ ਹੋ ਗਏ ਸੁਰਤ ਅਕਾਲ ਪੁਰਖ ਦੇ ਚਰਨਾਂ ਵਿੱਚ ਜੁੜ ਗਈ ਤੇ ਇਸ ਸੁਰਤ ਵਿੱਚ ਜੁੜਿਆਂ ਉਹ ਤੋਲਣ ਦਾ ਕੰਮ ਕਰੀ ਗਏ ਲੋਕਾਂ ਨੇ ਮੁਫਤ ਵਿੱਚ ਹੀ ਝੋਲੀਆਂ ਭਰ ਲਈਆਂ। ਜਿੰਨੇ ਲੋਕਾਂ ਨੂੰ ਇਸ ਗੱਲ ਦੀ ਖਬਰ ਮਿਲਦੀ ਰਹੀ ਲੋਕ ਲਾ

ਗੁਰੂ ਨਾਨਕ ਦੇਹ ਦਾ ਸਾਖੀ ਨੇਮ



ਡਾ. ਅਮਰਜੀਤ ਸਿੰਘ
ਮੁਖੀ, ਪੰਜਾਬੀ ਵਿਭਾਗ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ, ਮੋ. 9815604864

ਗੁਰੂ ਨਾਨਕ ਦੇਹ ਦਾ ਸਾਖੀ ਨੇਮ ਪਾਰਦਰਸ਼ੀ ਬਿਬੇਕ ਦਾ ਧਾਰਨੀ ਹੈ।ਇਸ ਪਰਿਪੇਖ ਵਿਚ ਕਾਲ ਅਤੇ ਅਕਾਲ ਦੀ ਗਤੀਸ਼ੀਲਤਾ ਪਾਰਦਰਸ਼ੀ ਬਿਬੇਕ ਵਿਚ ਸ਼ਾਮਿਲ ਹਨ । ਵਿਸ਼ਵ ਦੇ ਸਮੁੱਚੇ ਸੰਵਾਦ ਇਸ ਸਮੇਂ ਨਿਵੇਕਲੇ ਗਿਆਨ ਸ਼ਾਸਤਰ ਦੀ ਤਲਾਸ਼ ਵਿਚ ਹਨ। ਇਹ ਗਿਆਨ ਸ਼ਾਸਤਰ ਪਰੰਪਰਾ ਅਤੇ ਆਧੁਨਿਕ ਅਭਿਆਸ ਵਿਚੋਂ ਘੜਿਆ ਜਾ ਰਿਹਾ ਹੈ, ਜਿਸ ਅੰਦਰ ਸਮੁੱਚੇ ਗਿਆਨ ਅਨੁਸ਼ਾਸਨਾਂ ਦੀ ਸ਼ਮੂਲੀਅਤ ਲਈ ਜਾ ਰਹੀ ਹੈ। ਇਹਨਾਂ ਵਿਚੋਂ ਬਣ ਰਹੀਆਂ ਸੰਵਾਦੀ ਜੁਗਤਾਂ ਦੀ ਨਿਵੇਕਲੀ ਸੰਰਚਨਾ ਕਿਸੇ ਵੀ ਖੇਤਰ ਦੇ ਸੱਭਿਆਚਾਰ ਦੀ ਨੁਹਾਰ ਨੂੰ ਉਦਾਤਮਈ ਸੁਹਜ ਪ੍ਰਦਾਨ ਕਰ ਰਹੀ ਹੈ।

ਇਕੀਵੀਂ ਸਦੀ ਦਾ ਤੀਸਰਾ ਦਹਾਕਾ ਸੰਵਾਦੀ ਸੰਰਚਨਾਵਾਂ ਦੇ ਪੁਨਰ ਪ੍ਰਭਾਸ਼ਿਤ ਸਰੂਪ ਦੀਆਂ ਨਿਵੇਕਲੀਆਂ ਵਿਆਖਿਆਵਾਂ ਤਲਾਸ਼ ਰਿਹਾ ਹੈ, ਜਿਸ ਵਿਚ ਜ਼ਿੰਦਗੀ ਦੇ ਕੁੱਲ ਵਰਤਾਰੇ ਸਾਹਿਤ, ਧਰਮ-ਸ਼ਾਸਤਰ, ਵਿਗਿਆਨ ਆਧਾਰਿਤ ਤਕਨਾਲੋਜੀ, ਕੌਮਲ-ਕਲਾਵਾਂ, ਇਤਿਹਾਸ, ਮਿੱਥ, ਲੋਕ-ਧਾਰਾਈ ਵਰਤਾਰੇ ਅਤੇ ਭਾਸ਼ਾਈ ਪ੍ਰਬੰਧ ਚਿੰਤਨ ਦੇ ਵਿਸ਼ਵ ਵਿਆਪੀ ਘੇਰੇ ਅੰਦਰ ਆਪਣੀਆਂ ਦਿਸ਼ਾਵਾਂ ਨਿਰਧਾਰਿਤ ਕਰ ਰਹੇ ਹਨ। ਇਹਨਾਂ ਦਿਸ਼ਾਵਾਂ ਰਾਹੀਂ ਚਿੰਤਨ ਆਪਣੇ ਪੂਰਵ ਨਿਸ਼ਚਿਤ ਸਰੂਪ ਅਤੇ ਧਾਰਨਾਵਾਂ ਦੀਆ ਸੀਮਾਵਾਂ ਅਤੇ ਸਮਰੱਥਾਵਾਂ ਨੂੰ ਪਛਾਣ ਰਿਹਾ ਹੈ। ਇਸ ਪਛਾਣ ਵਿਚੋਂ ਨਵੀਂ ਤਾਲੀਮ ਅਤੇ ਤਕਨਾਲੋਜੀ ਦੀ ਵਿਕਸਿਤ ਚੇਤਨਾ ਕਿਸੇ ਵੀ ਵਰਤਾਰੇ ਦੀਆਂ ਸਮੁੱਚੀਆਂ ਦਿਸ਼ਾਵਾਂ ਦੀ ਗੰਭੀਰ ਖੋਜ ਕਰ ਰਹੀ ਹੈ। ਇਸ ਤਹਿਤ ਹੀ ਗੁਰੂ ਨਾਨਕ ਦੇਹ ਦੇ ਸਾਖੀ ਨੇਮ ਦੀ ਸੰਵਾਦੀ ਜੁਗਤ ਵੀ ਖ਼ਾਸ ਮਹੱਤਤਾ ਦੀ ਲਖਾਇਕ ਹੈ। ਇਸ ਸੰਵਾਦੀ ਜੁਗਤ ਨੂੰ ਬੁਨਿਆਦੀ ਰੂਪ ਵਿਚ ਹੇਠ ਲਿਖੇ ਨੁਕਤਿਆਂ ਤੇ ਕੇਂਦਰਿਤ ਕਰ ਸਮਝਣਾ ਜ਼ਰੂਰੀ ਹੈ:-

ਗੁਰੂ ਨਾਨਕ ਦੇਹ ਸਾਖੀ ਨੇਮ ਦਾ ਹਿੱਸਾ ਹੈ। ਸਾਖੀ ਨੇਮ ਗਿਆਨ-ਸ਼ਾਸਤਰੀ ਪਹੁੰਚ ਦ੍ਰਿਸ਼ਟੀ ਅੰਦਰ ਅਜਿਹਾ ਵਰਤਾਰਾ ਹੈ, ਜਿਸ ਅੰਦਰ ਧਰਤੀ ਤੇ ਅਵਤਰਿਤ ਸਮੁੱਚੀਆਂ ਦੈਵੀ ਪਾਰਦਰਸ਼ਤਾਵਾਂ ਆਪਸ ਵਿਚ ਸਰਗੁਣ ਅਤੇ ਨਿਰਗੁਣ ਰੂਪ ਅੰਦਰ ਇਕਸੁਰ ਹੁੰਦੀਆਂ ਹਨ। ਇਸ ਇਕਸੁਰਤਾ ਅੰਦਰ ਸਮੇਂ ਅਤੇ ਸਥਾਨ ਦੀ ਕੋਈ ਨਿਸ਼ਚਿਤ ਸੀਮਾ ਕਾਰਜਸ਼ੀਲ ਨਹੀਂ ਰਹਿੰਦੀ। ਗੁਰੂ ਦੇਹ ਧਰਤੀ ਦੇ ਸਮੁੱਚੇ ਅਧਿਆਤਮਕ ਅਨੁਭਵ ਨੂੰ ਆਪਣੇ ਅੰਦਰ ਥਾਂ ਦਿੰਦੀ ਹੋਈ, ਉਸ ਅਨੁਭਵ ਦੀ ਸੰਪੂਰਨਤਾ ਨੂੰ ਪ੍ਰਗਟ ਕਰਦੀ ਹੈ। ਸਾਖੀ ਨੇਮ ਪਾਰਦਰਸ਼ੀ ਗਿਆਨ-ਸ਼ਾਸਤਰੀ ਦ੍ਰਿਸ਼ਟੀ ਦੀ ਮੰਗ ਕਰਦਾ ਹੈ ਕਿਉਂਕੀ ਇਸ ਦਾ ਵਿਰਾਟ ਰੂਪ ਪਾਰਦਰਸ਼ੀ ਗਿਆਨ ਅਤੇ ਨਾਦ ਅਧਾਰਿਤ ਸੰਰਚਨਾਵਾਂ ਹਨ।ਇਸ ਲੇਖ ਵਿੱਚ ਗੁਰੂ ਨਾਨਕ ਦੇਹ ਦੀ ਲੀਲ੍ਹਾ ਨੂੰ ਸਾਖੀ ਨੇਮ ਰਾਹੀਂ ਸਿਰਜਿਆ ਗਿਆ ਹੈ।

ਗੁਰੂ ਦੀ ਦੇਹ ਸਾਖੀ ਵਿੱਚ ਮੌਉਲਦੀ ਹੈ। ਪਾਰਦਰਸ਼ਤਾਵਾਂ ਦੀ ਪੈਗੰਬਰੀ ਦਰਸ਼ਨਾਂ ਸੰਗ ਅਭੇਦ ਹੋ ਗੁਰੂ ਦੇਹ ਵਿੱਚ ਸਗਲ ਧਰਤ ਦੀ ਪਾਤਸ਼ਾਹੀ ਆਣ ਬਿਰਾਜਦੀ ਹੈ।ਗੁਰੂ ਦੇਹ ਵਿੱਚ ਧਰਤ ਦੀ ਕੁਲ ਬੰਦਗੀ, ਧਰਤੀ ਤੇ ਜੋਤ ਦੀ ਸਦਾ ਵਿਗਾਸੀ ਛੋਹ ਦੈਵੀ ਬ੍ਰਹਿਮੰਡ ਸਾਜਦੀ ਹੈ।ਗੁਰੂ ਦੇਹ ਸੰਗਤ ਦੀ ਪਰਿਕਰਮਾ ਕਰ ਸ਼ਬਦ ਗੁਰੂ ਵਿੱਚ ਨਿਵਾਸ ਕਰਦੀ ਹੈ।

ਮਨੁੱਖੀ ਦੇਹ 'ਕਰਤਾ ਪੁਰਖ' ਦਾ ਕਰਾਤਾਰੀ ਨਿਯਮ ਹੈ।ਜੇਕਰ ਇਸ ਵਿਚ ਨਿਰਮਲਤਾ ਦਾ ਭਾਵ ਹੈ ਤਾਂ ਇਹ ਦੇਹ ਕੁੰਦਨ ਹੈ। ਧੁਰਤੀ ਤੇ ਮਨੁੱਖਾ ਜਨਮ ਦੇਹ ਰੂਪ ਵਿਚ ਆਕਾਰ ਦਾ ਸਰਵ-ਸ਼ਰੇਠ ਰੂਪ ਹੈ। ਇਸ ਲਈ ਮਨੁੱਖੀ ਜੂਨੀ ਨੂੰ ਸਰਵ-ਜੂਨੀਆਂ ਤੋਂ ਉੱਚਤਮ ਦਰਜਾ ਹਾਸਿਲ ਹੈ। ਮਨੁੱਖੀ ਆਕਾਰ ਦੀ ਗਤੀਸ਼ੀਲਤਾ ਵਿਚ ਪ੍ਰਗਟ ਹੁੰਦਾ ਕਾਲ ਦਾ ਇਕ ਦ੍ਰਿਸ਼ ਵਸਤੂਗਤ ਧਰਾਤਲ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਕਾਲ ਦਾ ਦੂਸਰਾ ਪ੍ਰਤੀਬਿੰਬ ਅਕਾਲ ਦੀਆਂ ਦੈਵੀ ਰਮਝਾਂ ਨੂੰ ਆਕਾਰ ਦੀ ਸੰਦੀਵਤਾ ਵਿਚ ਪ੍ਰਗਟ ਕਰਦਾ ਹੈ।ਆਕਾਰ ਦੀ ਇਹ ਦੋਹਰੀ ਬਣਤਰ ਜੀਵਨ ਗਤੀ ਨੂੰ ਬਣਾਉਂਦੀ ਅਤੇ ਵੱਖੋ-ਵੱਖਰੇ ਅਨੁਸ਼ਾਸਨਾਂ ਵਿਚ ਇਸ ਦੇ ਪ੍ਰਭਾਵਾਂ ਨੂੰ ਸਵੀਕਾਰ ਕਰਦੀ ਹੈ। ਜਨਮ ਨਾਲ ਹੀ ਮਨੁੱਖੀ ਹੋਂਦ ਦੇ ਸੰਬੰਧ ਪ੍ਰਗਟ ਹੁੰਦੇ ਹਨ। ਇਹਨਾਂ ਸੰਬੰਧਾਂ ਵਿਚ ਕੁਝ ਸੰਬੰਧ ਬਾਹਰੀ ਅਤੇ ਕੁਝ ਸੰਬੰਧ ਅੰਦਰੂਨੀ ਬਣਤਰ ਨੂੰ ਪ੍ਰਗਟ ਕਰਦੇ ਹਨ। ਬਾਹਰੀ ਸੰਬੰਧਾਂ ਵਿਚ ਪਹਿਲਾਂ ਤੋਂ ਚੱਲੇ ਆ ਰਹੇ ਸੰਸਕਾਰਾਂ ਦੀਆਂ ਮਾਨਤਾਵਾਂ, ਉਸਦੇ ਜਨਮ ਨੂੰ ਹੋਂਦ ਦਾ ਪ੍ਰਥਮ ਅਹਿਸਾਸ ਦਿੰਦੀਆਂ ਹਨ।ਇਹਨਾਂ ਸੰਸਕਾਰਾਂ ਵਿਚ ਹੋਂਦ ਦੇ ਫੈਲਾਅ ਇਕ ਅੰਸ਼ ਤੋਂ ਦੂਸਰੇ ਅੰਸ਼ ਤੱਕ ਨਿਰਤਰ ਵਿਕਸਿਤ ਹੁੰਦੇ ਹਨ। ਇਹਨਾਂ ਸੰਬੰਧਾਂ ਦੀ ਚੋਣ ਪੂਰਵ ਪ੍ਰਮਾਣਿਕ ਹੈ। ਕਿਸੇ ਵੀ ਸਮਾਜ ਵਿਚ ਵਿਅਕਤੀ ਦਾ ਜਨਮ ਸਮਾਜ ਦੀਆਂ ਸਮੁੱਚੀਆਂ ਮਾਨਤਾਵਾਂ ਦੇ ਪ੍ਰਭਾਵ ਨੂੰ ਆਪਣੀ ਦੇਹ ਅਤੇ ਵਿਚਾਰ ਰਾਹੀਂ ਧਾਰਨ ਕਰਦਾ ਹੈ। ਸਮੁੱਚੀਆਂ ਮਾਨਤਾਵਾਂ ਦੇ ਪ੍ਰਭਾਵ ਨੂੰ ਆਪਣੀ ਹੋਂਦ ਦੀ ਸਮੁੱਚਤਾ ਵਿਚ ਦੇਹ ਅਤੇ ਵਿਚਾਰ ਆਤਮਿਕ ਸਾਥ ਵਿਚ ਆਖ਼ੀਰੀ ਘਰ ਦੀ ਨਦਰਿ ਪ੍ਰਾਪਤੀ ਲਈ ਮਿਹਰ ਦੀ ਤਲਾਸ਼ ਵਿਚ ਰਹਿੰਦੇ ਹਨ। ਕਰਤਾ ਪੁਰਖ ਦੀ ਮਿਹਰ ਮਾਨਵੀਂ ਦੇਹ ਅਤੇ ਵਿਚਾਰ ਦੀ ਅਸਲ ਪ੍ਰਾਪਤੀ ਹੈ।ਇਸ ਪ੍ਰਾਪਤੀ ਲਈ ਬੰਦਗੀ ਅਤੇ ਅਰਦਾਸ ਦੀ ਲਗਾਤਾਰਤਾ ਵਿਚ ਪਲਦੀ ਦੇਹ ਅਤੇ ਵਿਚਾਰ ਦੀ ਸੰਘਰਸ਼ਸ਼ੀਲਤਾ ਹੀ ਸਮੇਂ ਅਤੇ ਸਥਾਨ ਦੀ ਜਟਿਲਤਾ ਵਿਚ ਸਮਾਜਿਕ ਪ੍ਰਬੰਧ ਦੀ ਪੁਨਰ ਸਿਰਜਣਾ ਕਰ ਸਕਦੀ ਹੈ। ਇਸ ਸਮਾਜਿਕ ਪ੍ਰਬੰਧ ਦੀ ਪੁਨਰ ਸਿਰਜਣਾ ਲਈ ਜੇਕਰ ਸਮੂਹਿਕ ਚੇਤਨਾ ਗੁਰੂ ਨਾਨਕ ਦੀ ਗਵਾਹੀ ਵਿਚ ਖੜੀ ਚੇਤਨਾ ਸੰਗ ਇਕਸੁਰ ਹੋ ਪ੍ਰਵਾਜ਼ ਭਰਦੀ ਹੈ ਤਾਂ ਉਹ ਅਜਿਹੀ ਸੰਗਤ ਸੰਗ ਗੁਰਮੁਖ ਤੱਤ ਨੂੰ ਪਾ ਸਕਦੀ ਹੈ ।

ਸਾਖੀ ਪਰੰਪਰਾ ਵਿਚ ਗੁਰੂ ਨਾਨਕ ਦਾ ਦੈਵੀ ਪ੍ਰਗਾਸ ਹੈ। ਸਾਖੀ ਧਰਤੀ ਦੇ ਸਮੁੱਚੇ ਵਰਤਾਰੇ ਦੀ ਨਵਾਜਿਸ਼ ਦਾ ਰਾਹ ਹੈ।ਇਸ ਰਸਤੇ ਹੀ ਮਾਨਵਤਾ ਦੀ ਸਵੱਛ ਕਮਾਈ ਪੂਰਨਤਾ ਦੇ ਹਵਾਲੇ ਹੁੰਦੀ ਹੈ। ਮਨੁੱਖੀ ਗਿਆਨ ਅਤੇ ਅਨੁਭਵ ਇਸੇ ਪੂਰਨਤਾ ਦੇ ਸਾਥ ਵਿਚ ਆਪਣੀ ਹੋਂਦ ਦੇ ਅਸਲ ਗਵਾਹ ਬਣ ਸਕਦੇ ਹਨ।ਇਸੇ ਗਵਾਹੀ ਵਿਚ ਜੀਵਨ ਦੁਪੱਖਤਾ ਦੀ ਅਸੀਮਤਾ ਸਮਾਅ ਸਕਦੀ ਹੈ।ਜੀਵਨ ਦੁਪੱਖਤਾ ਦੀ ਅਸੀਮਤਾ ਮਨੁੱਖੀ ਦੇਹ ਨੂੰ ਸਮਾਜਕ ਦਰਦ ਦੀ ਕਸ਼ਮਕਸ਼ ਵਿਚ ਰੱਖਦੀ ਹੈ।ਮਾਨਵੀਂ ਦੇਹ ਇਸ ਕਸ਼ਮਕਸ਼ ਵਿਚ ਕਰਮ ਦੇ ਦੈਵੀ ਇਸ਼ਾਰਿਆ ਨੂੰ ਆਪਣੀ ਮਾਸੂਮੀਅਤ ਵਿਚੋਂ ਬਾਹਰ ਕਰ ਲੈਂਦੀ ਹੈ।ਜਿਸ ਸਦਕਾ ਸਮਾਜਕ ਅਸਾਵਾਂਪਨ ਪ੍ਰਭਾਵੀ ਨਾਇਕਤਵ ਨੂੰ ਉਹਲੇ ਕਰ,ਜੀਵਨ ਆਦਰਸ਼ਤਾ ਲਈ ਪ੍ਰਚਿੱਲਤ ਨਾਇਕਤਵ ਦਾ ਅਹਿਸਾਸ ਦੇ ਦਿੰਦਾ ਹੈ।ਇਸ ਸਮੇਂ ਦੇਹੀ ਚੰਚਲਤਾ ਦੀ ਪਰਵਾਜ਼ ਕੁਦਰਤੀ ਚਿਹਨਾਂ ਦੇ ਵਿਗਾਸ ਅੰਦਰ ਨਹੀਂ ਪੈਂਦੀ ਸਗੋਂ ਗਿਣਤੀ ਦੇ ਅਹਿਸਾਸ ਦੀ ਮੁਹਧਾਜ ਬਣ ਜਾਂਦੀ ਹੈ।ਗਿਣਤੀ ਦੇ ਅਹਿਸਾਸ ਦੀ ਵੱਧਦੀ ਪ੍ਰਮਾਣਿਕਤਾ ਉਸਦੇ ਮਾਨਸਿਕ ਧਰਾਤਲ ਨੂੰ ਉੱਚੇ ਆਦਰਸ਼ ਤੋਂ ਮੋੜ ਨਿਵਾਣ ਵੱਲ ਲੈ ਤੁਰਦੀ ਹੈ।ਮਨੁੱਖੀ ਅਨੁਭਵ ਦਾ ਇਸ ਨਿਵਾਣ ਵੱਲ ਵੱਧਦਾ ਅਸਿਤਤਵ ਪ੍ਰਚਲਿਤ ਅਹਿਸਾਸ ਦਾ ਆਪਹੁਦਰਾ ਸਵੈਮਾਣ ਸਵੀਕਾਰ ਕਰ ਲੈਂਦਾ ਹੈ।ਇਸ ਸਵੈਮਾਣ ਦੀ ਰਹੱਸਮਈ ਪਰਵਾਜ਼ ਗਿਆਨ ਦੇ ਮਹੀਨ ਪਾਰਦਰਸ਼ੀ ਬਿਬੇਕ ਅੰਦਰੋਂ ਨਹੀਂ ਗੁੰਜਰਦੀ,ਜਿਸ ਕਰਕੇ ਸਮਾਜਕ ਦਰਦ ਅਤੇ ਤਣਾਅ ਵਿਚ ਹੀ ਅੰਤਮ ਰੂਪ ਨੂੰ ਸਵੀਕਾਰ ਕਰ ਲਿਆ ਜਾਦਾ ਹੈ। ਗੁਰੂ ਨਾਨਕ ਦੇਹ ਦਾ ਪ੍ਰਗਟਾਅ ਰੂਪ ਸਾਖੀ ਪਰੰਪਰਾ ਵਿਚ ਨਿਹਿਤ ਹੈ। ਕਾਲ ਦਾ ਅਧੂਰਾਪਨ ਮਨੁੱਖੀ ਦੇਹ ਦੀ ਸੀਮਤ ਸਮਰੱਥਾ ਨੂੰ ਜਗਾਉਂਦਾ ਹੈ।ਇਸ ਅਧੂਰੇਪਨ ਦੀ ਖੇਡ ਵਿਚ ਦੇਹ ਜਦੋਂ ਤੱਕ ਦੈਵੀ ਰਸਿਕਤਾ ਦੇ ਹਵਾਲੇ ਨਹੀਂ ਹੁੰਦੀ ਅਤੇ ਉਸ ਰਸਿਕਤਾ ਨੂੰ ਵੈਰਾਗ ਦਾ ਫਲ ਨਹੀਂ ਲੱਗਦਾ,ਉਸ ਸਮੇਂ ਤੱਕ ਅਧੂਰੇਪਨ ਦੀ ਕਸ਼ਮਕਸ਼ ਸਹਿੰਦਾ ਆਪਾ ਦੰਵੈਧਮਈ ਅਰਾਜਕਤਾ ਦੇ ਕਾਲ-ਚੱਕਰ ਵਿਚ ਯਾਤਰਾ ਕਰਦਾ ਹੈ। ਗੁਰੂ ਨਾਨਕ ਦੇਹ ਦਾ ਅਕਾਲੀ ਸਰੂਪ ਪਾਰਦਰਸ਼ੀ ਰਮਝ ਰਾਹੀਂ ਕਾਲ ਦੇ ਹਰ ਇੱਕ ਵਰਤਾਰੇ ਵਿਚ ਵਾਪਰਦਾ ਹੈ। ਕਾਲ ਦੇ ਸਮੁੱਚੇ ਵਰਤਾਰੇ ਇਸ ਝਲਕਾਰੇ ਦੀ ਅਨੰਤਤਾ ਸੰਗ ਪ੍ਰਗਟ ਹੁੰਦੇ ਹਨ ਅਤੇ ਆਪਣੇ ਸਰੂਪ ਨੂੰ ਬਣਾਉਂਦੇ ਹਨ। ਮਨੁੱਖੀ ਚੇਤਨਾ ਦੀ ਗਵਾਹ ਸ਼ਕਤੀ ਵਾਰ-ਵਾਰ ਇਸ ਦੈਵੀ ਪਾਰਦਰਸ਼ਤਾ ਤੇ ਆਪਣੇ ਹੰਕਾਰ ਦਾ ਭਾਰ ਸੁੱਟਦੀ ਰਹਿੰਦੀ ਹੈ ਅਤੇ ਇਸ ਨੂੰ ਕਾਲ ਦੀ ਅਧੀਨਤਾ ਵਿਚ ਪ੍ਰਗਟ ਕਰਨਾ ਚਾਹੁੰਦੀ ਹੈ।ਇਹ ਅਧੀਨਤਾ ਕਾਲ ਦੀ ਸੁੱਚੀ ਗਤੀਸ਼ੀਲਤਾ ਨੂੰ ਆਪਣੀ ਮੁਹਾਰਤ ਅਨੁਸਾਰ ਘੜਦੀ ਹੈ। ਗੁਰੂ ਨਾਨਕ ਦੇਹ ਨੂੰ ਇਤਿਹਾਸ ਦਾ ਇਕ ਜ਼ੁਜ਼ ਬਣਾ ਕੇ ਇਸ ਗਤੀਸ਼ੀਲਤਾ ਨੂੰ ਮਨੁੱਖੀ ਹੰਕਾਰ ਦੀ ਗਤੀਸ਼ੀਲ ਉਤੇਜਨਾ ਅਤੇ ਪ੍ਰਗਟਾ ਬਿੰਬਾ ਵਿਚ ਢਾਲ ਲਿਆ ਜਾਂਦਾ ਹੈ,ਜਿੱਥੇ ਇਤਿਹਾਸ ਦੀ ਲਕੀਰੀ ਵਿਖਾਖਿਆ,ਨੈਤਿਕ ਆਚਾਰ ਅਤੇ ਰਾਜਨੀਤੀ ਦੇ ਅਧੂਰੇ ਸਮੀਕਰਣ ਅਤੇ ਸਮਾਜ-ਸਭਿਆਚਾਰ ਦੇ ਪ੍ਰਚਿੱਲਤ ਪ੍ਰਤੀਕਰਮ ਹੀ ਗੁਰੂ ਉੱਪਰ ਲਗਾ ਦਿੱਤੇ ਜਾਂਦੇ ਹਨ। ਇਸ ਸਵੈ ਸਿਰਜਤ ਕ੍ਰਾਂਤੀ ਤਹਿਤ ਗੁਰੂ ਨਾਨਕ ਦੇਹ ਦਾ ਪ੍ਰਗਟ ਸਰੂਪ ਮਨਫ਼ੀ ਕਰ ਜਿੱਤ ਦਾ ਪ੍ਰਭਾਵ ਸਿਰਜ ਲਿਆ ਜਾਂਦਾ ਹੈ।ਗੁਰੂ ਨਾਨਕ ਦੇਹ ਦਾ ਤ੍ਰੈ-ਕਾਲੀ ਪ੍ਰਗਟ ਸਰੂਪ ਇਸ ਗਵਾਹੀ ਵਿਚ ਨਹੀਂ ਸਮਾਉਂਦਾ। ਇਸ ਲਈ ਗੁਰੂ ਨਾਨਕ ਦੇਹ ਦੇ ਤ੍ਰੈ ਕਾਲੀ ਸਰੂਪ ਨੂੰ ਸਾਖੀ ਨੇਮ ਦੀ ਗਵਾਹੀ ਵਿੱਚ ਹੀ ਅਧਿਅਨ ਕਰਨਾ ਚਾਹੀਦਾ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ

ਜਗਰੂਪ ਸਿੰਘ
ਆਈ.ਆਰ.ਐੱਸ. (ਰਿਟਾ.)
ਸੰਪਰਕ-9888828406

ਅੱਜ ਅਸੀਂ ਮਹਾਨ ਪੈਗ਼ੰਬਰ ,ਦੁਨੀਆਂ ਦੇ ਰਹਿਨੁਮਾ, ਮਹਾਨਾਇਕ, ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 557 ਵਾਂ ਜਨਮ ਦਿਹਾੜਾ ਮਨਾ ਰਹੇ ਹਾਂ। ਜਨਮ ਦਿਹਾੜੇ ਦੀ ਸਭ ਨੂੰ ਬਹੁਤ ਬਹੁਤ ਵਧਾਈ ਹੋਵੇ। ਗੁਰੂ ਜੀ ਦੇ ਜਨਮ ਅਸਥਾਨ ,ਮਾਤਾ - ਪਿਤਾ, ਵੰਸ਼, ਪਰਿਵਾਰਕ ਪਿਛੋਕੜ ਆਦਿ ਬਾਰੇ ਬਹੁਤ ਸਾਹਿਤ ਲਿਖਿਆ ਗਿਆ ਹੈ, ਇਸ ਲਈ ਮੈਂ ਇਸ ਸਭ ਵਿਚ ਨਹੀਂ ਜਾਵਾਂਗਾ।

ਅਸੀਂ ਹਰ ਰੋਜ ਗੁਰੂ ਜੀ ਨੂੰ ਨਤਮਸਤਕ ਹੁੰਦੇ ਹਾਂ ,ਯਾਦ ਕਰਦੇ ਹਾਂ, ਉਨ੍ਹਾਂ ਅੱਗੇ ਅਰਦਾਸਾਂ ਕਰਦੇ ਹਾਂ ,ਮੰਗਾਂ ਮੰਗਦੇ ਹਾਂ ਉਨ੍ਹਾਂ ਦੇ ਜਨਮ ਦਿਹਾੜੇ ਨੂੰ ਖਾਸ ਦਿਨ ਵਜੋਂ ਮਨਾਉਂਦੇ ਹਾਂ। ਗੁਰੂ ਸਹਿਬਾਨ ਦਾ ਜਨਮ ਦਿਹਾੜਾ ਮਨਾਉਣ ਦਾ ਅਰਥ ਕੀ ਹੈ ? ਇਸ ਦਿਨ ਨੂੰ ਖਾਸ ਬਣਾਉਣ ਦਾ ਮਹੱਤਵ ਕੀ ਹੈ ? ਇਸ ਦੇ ਸਹੀ ਮਾਅਨੇ ਕੀ ਹਨ , ਇਸ ਤੇ ਵਿਚਾਰ ਤਾਂ ਕੀਤਾ ਜਾਂਦਾ ਹੈ ਪਰ ਅਮਲ ਨਹੀਂ । ਆਓ ਇਸ ਗੱਲ ਤੇ ਗੌਰ ਕਰੀਏ। ਇਸ ਪੜਚੋਲ ਲਈ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਫਲਸਫੇ ਤੇ ਨਜ਼ਰ ਮਾਰਨੀ ਲਾਹੇਵੰਦ ਹੋਵੇਗੀ। ਉਨ੍ਹਾਂ ਦੇ ਫਲਸਫੇ ਦੇ ਮੁੱਖ ਬਿੰਦੂ ਇਹ ਹਨ ;

1. ਅਧਿਆਤਮਿਕ ਅਤੇ ਅਨੁਭਵੀ ਜੀਵਨ ਦੁਫਾੜ ਨਹੀਂ ਹਨ.. ਅਰਥਾਤ ਇੱਕੋ ਹਨ... ਦੋਹਾਂ ਵਿਚ ਕੋਈ ਫਰਕ ਨਹੀਂ ਹੈ।
2. ਉਨ੍ਹਾਂ ਗੁਲਾਮੀ ਅਤੇ ਜਾਤ ਪ੍ਰਬੰਧਨ ਦਾ ਖੰਡਨ ਕੀਤਾ ਅਤੇ ਮਨੁੱਖਤਾ ਨੂੰ ਸਮਾਨਤਾ ਦਾ ਸੰਦੇਸ਼ ਦਿੱਤਾ।
3. ਭਾਰਤ ਵਿਚ ਜਾਤੀ ਭੇਦ-ਭਾਵ ਅਤੇ ਔਰਤ ਨਾਲ ਹੁੰਦੇ ਵਿਕਤਰੇ ਵਿਰੁੱਧ ਅਵਾਜ ਬੁਲੰਦ ਕੀਤੀ।
4. ਉਨ੍ਹਾਂ ਨੇ ਸੰਨਿਆਸ ਨੂੰ ਨਕਾਰਿਆ ਅਤੇ ਗ੍ਰਹਿਸਤੀ ਜੀਵਨ ਜਿਉਣ ਦਾ ਉਪਦੇਸ਼ ਦਿੱਤਾ।
5. ਆਪਣੇ ਪੈਰੋਕਾਰਾਂ ਨੂੰ ਪੁਜਾਰੀਆਂ ਵੱਲੋਂ ਫੈਲਾਏ ਵਹਿਮਾਂ-ਭਰਮਾਂ , ਹਠਧਰਮੀ ,ਪੂਜਾ ਪ੍ਰਾਰਥਨਾ ਦੀਆਂ ਵਿਧੀਆਂ ਅਰਥਾਤ ਮੰਤਰ-ਤੰਤਰ ਤੋਂ ਬਾਹਰ ਮੁਕਤੀ ਦਾ ਰਾਹ ਦਿਖਾਇਆ... ਕਿਰਤ ਕਰੋ-ਵੰਡ ਛਕੋ-ਨਾਮ ਜਪੋ।
6. ਉਹਨਾਂ ਨਾਮ ਜਪਣ ਰਾਹੀਂ ਅੰਤਰ ਆਤਮਾ ਨੂੰ ਜਗਾਉਣ ਤੇ ਜ਼ੋਰ ਦਿੱਤਾ।
7. ਸੰਸਾਰ ਉਤਪਤੀ ਬਾਰੇ ਉਹ ਬਿੱਗ - ਬੈਂਗ ਪਰਿਕਲਪਨਾ ਦਾ ਸਮਰਥਨ ਕਰਦੇ ਸਨ... ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ। -ਜਪੁਜੀ ਸਾਹਿਬ ਪਉੜੀ 16

ਇਹ ਉਪਦੇਸ਼ ਵਿਦਿਆਰਥੀਆਂ ਦੇ ਮਾਤਾ - ਪਿਤਾ ਜਰੂਰ ਜਾਣਦੇ ਹੋਣਗੇ। ਉਹ ਆਪਣੇ ਨਿੱਜੀ ਜੀਵਨ ਵਿਚ ਕਿਥੋਂ ਤੱਕ ਅਪਨਾਉਣ ਦੇ ਯੋਗ ਹਨ ਜਾਂ ਉਹ ਕਿਥੋਂ ਤੱਕ ਇਨ੍ਹਾਂ ਦਾ ਪਾਲਣ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ ,ਇਹ ਤਾਂ ਉਹ ਆਪ ਹੀ ਜਾਣਦੇ ਹਨ। ਵਿਦਿਆਰਥੀ ਜੀਵਨ ਦੇ ਜਿਸ ਪੜਾਅ ਤੇ ਹਨ ਕਿ ਉਨ੍ਹਾਂ ਲਈ ਇਸ ਦਾ ਅੰਤਰੀਵ ਭਾਵ ਸਮਝਣਾ ਔਖਾ ਹੈ। ਹਾਂ ,ਜੇਕਰ ਕੋਈ ਬੱਚਾ ਸਮਝਦਾ ਹੈ ਤਾਂ ਬਹੁਤ ਹੀ ਅੱਛਾ ਹੈ ਅਤੇ ਉਹ ਭਾਗਸ਼ਾਲੀ ਹੈ। ਬੱਚਿਆਂ ਲਈ ਮੈਂ ਸਰਲ ਭਾਸ਼ਾ ਵਿਚ ਕੋਸ਼ਿਸ਼ ਕਰਾਂਗਾ ਕਿ ਕਿਵੇਂ ਗੁਰੂ ਜੀ ਦੇ ਦਰਸਾਏ ਰਾਹ ਤੇ ਚੱਲ ਕੇ ਜੀਵਨ ਦੇ ਹਰ ਖੇਤਰ ਵਿਚ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ । ਗੁਰੂ ਜੀ ਕਹਿੰਦੇ ਹਨ ---- ਵਿੱਦਿਆ ਵਿਚਾਰੀ ਤਾਂ ਪਰਉਪਕਾਰੀ --- ਇਸ ਦਾ ਭਾਵ ਹੈ ਕਿ ਜੇਕਰ ਵਿੱਦਿਆ ਨੂੰ ਵਿਚਾਰ ਕੇ ਪ੍ਰਾਪਤ ਕਰੋਗੇ ਅਰਥਾਤ ਸਮਝ ਕੇ ਹਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ

ਪੈ.ਗਾਮ-ਏ-ਜਗਤ/ਅੰਮ੍ਰਿਤਸਰ
23 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਸਭਾ-ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਸਕੂਲੀ ਬੱਚਿਆਂ, ਬੈਂਡ ਪਾਰਟੀਆਂ, ਸ਼ਬਦ ਚੌਂਕੀ ਜਥੇ ਤੇ ਗਤਕਾ ਪਾਰਟੀਆਂ ਨੇ ਪੂਰੇ ਉਤਸ਼ਾਹ ਨਾਲ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੇ ਰਸਤੇ ਵਿਚ ਸੰਗਤਾਂ ਵੱਲੋਂ ਜਲ ਪਾਣੀ ਅਤੇ ਲੰਗਰਾਂ ਰਾਹੀਂ ਸੇਵਾ ਕੀਤੀ ਗਈ।

ਨਗਰ ਕੀਰਤਨ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਜੈਬ ਸਿੰਘ ਅਭਿਆਸੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਭਗਵੰਤ ਸਿੰਘ ਧੰਗੇੜਾ, ਸ. ਜਸਵਿੰਦਰ ਸਿੰਘ ਜੱਸੀ, ਸ. ਬਿਜੈ ਸਿੰਘ, ਸ. ਤੇਜਿੰਦਰ ਸਿੰਘ ਪੱਡਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ, ਸ. ਸੁਖਬੀਰ ਸਿੰਘ, ਸ. ਗੁਰਮੀਤ ਸਿੰਘ ਮੁਕਤਸਰੀ, ਸ. ਅਜ਼ਾਦ ਦੀਪ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਾਲ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਬਿਕਰਮਜੀਤ ਸਿੰਘ ਝੰਗੀ, ਸ. ਗੁਰਿੰਦਰ ਸਿੰਘ



ਦੇਵੀਦਾਸਪੁਰਾ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸ. ਯੁਵਰਾਜ ਸਿੰਘ, ਸ. ਜਸਬੀਰ ਸਿੰਘ, ਸ. ਗੁਰਵਿੰਦਰ ਸਿੰਘ ਭੋਮਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਸਮੂਹ ਸਿੱਖ ਜਗਤ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਵੱਲੋਂ ਦਰਸਾਏ ਸਰਬਸਾਂਝੀਵਾਲਤਾ, ਬਰਾਬਰਤਾ ਅਤੇ ਮਾਨਵਤਾ ਦੀ ਭਲਾਈ ਦੇ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਮਾਨਵਤਾ ਦੇ ਸਰਬਸਾਂਝੇ ਰਹਿਬਰ ਹਨ, ਜਿਨ੍ਹਾਂ ਦੀ ਵਿਚਾਰਧਾਰਾ ਅਤੇ ਜੀਵਨ ਸੇਧ ਸਮੁੱਚੇ ਸੰਸਾਰ ਲਈ ਚਾਨਣ-ਮੁਨਾਰਾ ਹੈ। ਗੁਰੂ ਸਾਹਿਬ ਨੇ ਆਪਣੇ ਇਲਾਹੀ ਉਪਦੇਸ਼ਾਂ ਰਾਹੀਂ ਮਨੁੱਖਤਾ ਨੂੰ ਜਾਤ-ਪਾਤ, ਊਚ-ਨੀਚ, ਵਹਿਮਾਂ-ਭਰਮਾਂ ਅਤੇ ਸਮਾਜਿਕ ਵਿਤਕਰਿਆਂ ਤੋਂ ਉੱਪਰ ਉੱਠ ਕੇ ਆਪਸੀ ਪ੍ਰੇਮ, ਸਤਿਕਾਰ ਅਤੇ ਸਾਂਝੀਵਾਲਤਾ ਨਾਲ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਦੱਬੇ-ਕੁਚਲੇ ਅਤੇ ਲਤਾੜੇ ਜਾ ਰਹੇ ਵਰਗਾਂ ਦੀ ਆਵਾਜ਼ ਬਣ ਕੇ ਮਨੁੱਖੀ ਬਰਾਬਰਤਾ ਅਤੇ ਹੱਕ-ਸੱਚ ਦੀ ਪੈਰਵੀ ਕੀਤੀ।

ਉਨ੍ਹਾਂ ਕਿਹਾ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਸਿਧਾਂਤ ਮਨੁੱਖ ਨੂੰ ਅਧਿਆਤਮਕ ਜੀਵਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦੀ ਵੀ ਸੇਧ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅਤੇ ਜੀਵਨ ਰਾਹੀਂ ਮਨੁੱਖਤਾ ਨੂੰ ਸੱਚ, ਸੇਵਾ, ਨਿਮਰਤਾ, ਦਇਆ ਅਤੇ ਪਰਉਪਕਾਰ ਦੇ ਗੁਣ ਧਾਰਨ ਕਰਨ ਦਾ ਸੰਦੇਸ਼ ਦਿੱਤਾ, ਜਿਸ ਦੀ ਅੱਜ ਵੀ ਵਿਸ਼ਵ ਪੱਧਰ 'ਤੇ ਵੱਡੀ ਪ੍ਰਸੰਗਿਕਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਅਸਲ ਮਹੱਤਵ ਗੁਰੂ ਸਾਹਿਬ ਦੀ ਬਾਣੀ ਅਤੇ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਣਾਉਣ ਅਤੇ ਉਨ੍ਹਾਂ ਦੇ ਸਰਬਕਾਲੀ ਫਲਸਫੇ ਨੂੰ ਘਰ-ਘਰ ਅਤੇ ਸੰਸਾਰ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਵਿਚ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਮਨੁੱਖਤਾ ਦੀ ਭਲਾਈ, ਆਪਸੀ ਸਦਭਾਵਨਾ ਅਤੇ ਸਮਾਜਿਕ ਏਕਤਾ ਲਈ ਯਤਨਸ਼ੀਲ ਰਹਿਣ।

ਬਾਬਾ ਬੰਦਾ ਬਹਾਦਰ ਪਬਲਿਕ ਸਕੂਲ, ਹਾਂਸੀ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ ਗੁਰੂ ਨਾਨਕ ਜਯੰਤੀ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਬਾਬਾ ਬੰਦਾ ਬਹਾਦਰ ਪਬਲਿਕ ਸਕੂਲ ਵਿੱਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ (ਗੁਰੂ ਨਾਨਕ ਜਯੰਤੀ) ਦੇ ਸਬੰਧ ਵਿੱਚ ਇੱਕ ਅਧਿਆਤਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ

- **ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਕੀਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ**

ਕੀਤਾ ਗਿਆ।

ਇਸ ਮੌਕੇ ਸਕੂਲ ਵੱਲੋਂ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਲਿਜਾਇਆ ਗਿਆ, ਜਿੱਥੇ ਬੱਚਿਆਂ ਨੇ ਪੂਰੀ ਸ਼ਰਧਾ ਅਤੇ ਆਸਥਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਦੇ ਨਾਲ ਹੀ



ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ, ਪਰੰਪਰਾਵਾਂ ਅਤੇ ਧਾਰਮਿਕ ਅਨੁਸ਼ਾਸਨ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਵੀ ਪ੍ਰਾਪਤ ਕੀਤੀ।

ਇਸ ਪਵਿੱਤਰ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ, ਜਿਸ ਨਾਲ ਪੂਰਾ ਮਾਹੌਲ ਭਗਤੀਮਈ ਹੋ ਉੱਠਿਆ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਮਿੱਠੀ ਆਵਾਜ਼ ਵਿੱਚ 'ਸ਼ਬਦ ਕੀਰਤਨ' ਦਾ ਗਾਇਨ ਕਰਕੇ ਸਭ ਨੂੰ ਨਿਹਾਲ ਕੀਤਾ।

ਇਸ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ ਲਵਲੀ ਚਾਵਲਾ, ਪ੍ਰਸ਼ਾਸਕ ਪ੍ਰਵੀਨ ਚੁੱਘ, ਅਕਾਦਮਿਕ ਕੋਆਰਡੀਨੇਟਰ ਪਵਨ ਰਾਵਲ ਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਪ੍ਰਸ਼ਾਸਕ ਪ੍ਰਵੀਨ ਚੁੱਘ ਨੇ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਦੇ ਜੀਵਨ ਆਦਰਸ਼ਾਂ, 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੇ ਸਿਧਾਂਤਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨਾਂ ਨਾਲ ਬੱਚਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ, ਧਾਰਮਿਕ ਮਰਿਆਦਾ ਅਤੇ ਆਪਣੀ ਅਮੀਰ ਵਿਰਾਸਤ ਪ੍ਰਤੀ ਸਤਿਕਾਰ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ।

ਤੀਜੀ ਕਿਡੀਜ਼ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਰਤੀਆ ਦੀਆਂ ਧੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਪੈਗਾਮ-ਏ-ਜਗਤ/ਰਤੀਆ
(ਐਡਵੋਕੇਟ ਗੁਰਪ੍ਰੀਤ ਮੰਡੇਰ)

ਜ਼ਿਲ੍ਹਾ ਫਤਿਹਾਬਾਦ ਐਥਲੈਟਿਕਸ ਐਸੋਸੀਏਸ਼ਨ ਦੀ ਅਗਵਾਈ ਹੇਠ ਸਥਾਨਕ ਪੁਲਿਸ ਲਾਈਨ ਮੈਦਾਨ ਵਿੱਚ 'ਤੀਜੀ ਕਿਡੀਜ਼ ਐਥਲੈਟਿਕਸ ਚੈਂਪੀਅਨਸ਼ਿਪ' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਖੇਡ ਮਹਾਂਕੁੰਭ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਉਮਰ ਵਰਗਾਂ ਤੋਂ ਆਏ ਸੈਂਕੜੇ ਨੰਨ੍ਹੇ ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮੰਨਵਾਇਆ।



ਮੁਕਾਬਲੇ ਵਿੱਚ ਰਤੀਆ ਦੀਆਂ ਧੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ਼ਹਿਰ ਅਤੇ ਆਪਣੇ ਅਦਾਰਿਆਂ ਦਾ ਨਾਂ ਰੌਸ਼ਨ ਕੀਤਾ ਹੈ। ਅੰਡਰ-8 ਬਾਲਿਕਾ ਵਰਗ ਵਿੱਚ ਰਤੀਆ ਦੀ ਯਸ਼ਿਕਾ ਨੇ ਸ਼ਾਨਦਾਰ ਫੁਰਤੀ ਅਤੇ ਕੌਸ਼ਲ ਦਿਖਾਉਂਦਿਆਂ ਹਰਡਲ ਰੇਸ (ਰੁਕਾਵਟ ਦੌੜ) ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਯਸ਼ਿਕਾ ਇੱਥੇ ਹੀ ਨਹੀਂ ਰੁਕੀ, ਉਸ ਨੇ ਇਸੇ ਉਮਰ ਵਰਗ ਦੀ ਬ੍ਰਾਡ ਜੰਪ (ਲੰਬੀ ਛਾਲ) ਮੁਕਾਬਲੇ ਵਿੱਚ ਵੀ ਬਾਜ਼ੀ ਮਾਰਦਿਆਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮੁਕਾਬਲੇ ਵਿੱਚ ਦੋ ਸੋਨੇ ਦੇ ਤਗਮੇ (ਗੋਲਡ ਮੈਡਲ) ਆਪਣੇ ਨਾਮ ਕੀਤੇ।

ਉੱਥੇ ਹੀ, ਰਤੀਆ ਦੀ ਹੀ ਇੱਕ ਹੋਰ ਪ੍ਰਤਿਭਾਸ਼ਾਲੀ ਖਿਡਾਰਨ ਗੁਰਲੀਨ ਨੇ ਅੰਡਰ-8 ਬਾਲਿਕਾ ਵਰਗ ਦੀ 80 ਮੀਟਰ ਦੌੜ ਵਿੱਚ ਸਖ਼ਤ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕਰਦਿਆਂ ਕਾਂਸੀ ਦਾ ਤਗਮਾ (ਬ੍ਰਾਂਜ਼ ਮੈਡਲ) ਜਿੱਤਿਆ।

ਜ਼ਿਕਰਯੋਗ ਹੈ ਕਿ ਤਗਮਾ ਜਿੱਤਣ ਵਾਲੀਆਂ ਇਹ ਦੋਵੇਂ ਹੁਸ਼ਿਆਰ ਧੀਆਂ ਰਤੀਆ ਦੇ ਸਮਾਜ ਸੇਵੀ ਵੇਦ ਪ੍ਰਕਾਸ਼ ਕਮਾਨਾ ਦੀ ਪੋਤੀ ਹਨ। ਦੋਵੇਂ ਵਿਦਿਆਰਥਣਾਂ ਰਤੀਆ ਦੇ ਜੀਡੀ ਜੋਤੀ ਸਕੂਲ ਵਿੱਚ ਪੜ੍ਹ ਰਹੀਆਂ ਹਨ ਅਤੇ ਸਥਾਨਕ 'ਗੁਮਟਸਰ ਸਪੋਰਟਸ ਅਕੈਡਮੀ' ਤੋਂ ਖੇਡ ਦੀ ਨਿਯਮਤ ਸਿਖਲਾਈ ਲੈ ਰਹੀਆਂ ਹਨ। ਧੀਆਂ ਦੀ ਇਸ ਦੋਹਰੀ ਪ੍ਰਾਪਤੀ 'ਤੇ ਸਕੂਲ ਪ੍ਰਸ਼ਾਸਨ, ਖੇਡ ਅਕੈਡਮੀ ਅਤੇ ਸ਼ਹਿਰ ਦੇ ਪਤਵੰਤੇ ਲੋਕਾਂ ਨੇ ਖੁਸ਼ੀ ਜਤਾਉਂਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਹੈ।

ਸ਼ਹੀਦਾਂ ਦੀ ਕੁਰਬਾਨੀ ਦੀ ਬਦੌਲਤ ਹੀ ਰਾਸ਼ਟਰੀ ਦੇਸ਼ਭਗਤੀ ਮਜ਼ਬੂਤ ਹੈ: ਡਾ. ਨਰੇਸ਼ ਕੁਮਾਰ

ਪੈਗਾਮ-ਏ-ਜਗਤ
ਰਤੀਆ, 23 ਨਵੰਬਰ
(ਐਡਵੋਕੇਟ ਗੁਰਪ੍ਰੀਤ ਮੰਡੇਰ)

- **ਅਲੀਕਾ ਸਕੂਲ ਵਿੱਚ ਸ਼ਹੀਦ ਦੇਵਿੰਦਰ ਸਿੰਘ ਨੂੰ ਸਮਰਪਿਤ 25ਵੇਂ ਸ਼ਹੀਦੀ ਚੇਤਨਾ ਹਫਤੇ ਤਹਿਤ ਸਮਾਰੋਹ ਆਯੋਜਿਤ**



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਲੀਕਾ ਵਿੱਚ ਸ਼ਹੀਦ ਦੇਵਿੰਦਰ ਸਿੰਘ ਯਾਦਗਾਰੀ ਟਰੱਸਟ ਰਤੀਆ ਵੱਲੋਂ 25ਵੇਂ ਸ਼ਹੀਦੀ ਚੇਤਨਾ ਹਫਤੇ ਤਹਿਤ ਸ਼ਹੀਦੀ ਚੇਤਨਾ ਸਮਾਰੋਹ ਦਾ ਆਯੋਜਨ ਸਕੂਲ ਪ੍ਰਿੰਸੀਪਲ ਡਾ. ਨਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਸਮਾਰੋਹ ਦਾ ਸ਼ੁਭਾਰੰਭ ਸ਼ਹੀਦ ਦੇਵਿੰਦਰ ਸਿੰਘ ਦੀ ਤਸਵੀਰ ਸਾਹਮਣੇ ਫੁੱਲ ਅਰਪਿਤ ਕਰ ਸ਼ਰਧਾਂਜਲੀ ਦੇਣ ਨਾਲ ਹੋਇਆ।

ਇਸ ਮੌਕੇ 'ਤੇ ਟਰੱਸਟ ਦੀ ਮੈਂਬਰ ਅਤੇ ਬੁਲਾਰਾ ਬੇਅੰਤ ਕੌਰ ਨੇ ਹਾਜ਼ਰ ਮਹਿਮਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਟਰੱਸਟ ਵੱਲੋਂ ਪਿਛਲੇ 25 ਸਾਲਾਂ ਤੋਂ ਆਯੋਜਿਤ ਕੀਤੇ ਜਾ ਰਹੇ ਸ਼ਹੀਦੀ ਚੇਤਨਾ ਹਫਤੇ ਦੇ ਆਯੋਜਨਾਂ ਅਤੇ ਉਦੇਸ਼ਾਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ ਸ਼ਹੀਦ ਦੇਵਿੰਦਰ ਸਿੰਘ ਦੇ ਜੀਵਨ, ਸੰਘਰਸ਼ ਅਤੇ ਦੇਸ਼ ਪ੍ਰਤੀ ਉਨ੍ਹਾਂ ਦੀ ਸ਼ਹਾਦਤ ਦੀ ਗਾਥਾ ਪੇਸ਼ ਕੀਤੀ। ਇਸ ਦੌਰਾਨ ਵਿਦਿਆਰਥੀਆਂ ਲਈ ਸ਼ਹੀਦ ਦੇ ਜੀਵਨ ਅਤੇ ਬਲੀਦਾਨ 'ਤੇ ਆਧਾਰਿਤ ਪ੍ਰਸ਼ਨੋਤਰੀ ਮੁਕਾਬਲਾ ਵੀ ਆਯੋਜਿਤ ਕੀਤਾ ਗਿਆ।

ਚੇਤਨਾ ਰੈਲੀ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਡਾ. ਨਰੇਸ਼ ਕੁਮਾਰ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਦੇਸ਼ ਵਿੱਚ ਰਾਸ਼ਟਰੀ ਭਾਵਨਾ ਅਤੇ ਦੇਸ਼ਭਗਤੀ ਦੀ ਚੇਤਨਾ ਮਜ਼ਬੂਤ ਹੋਈ ਹੈ। ਸ਼ਹੀਦਾਂ ਦੇ ਸਰਵਉੱਚ ਬਲੀਦਾਨ ਕਾਰਨ ਹੀ ਅੱਜ ਅਸੀਂ ਆਜ਼ਾਦ ਮਾਹੌਲ ਵਿੱਚ ਜੀਵਨ ਬਤੀਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਹਰ ਨਾਗਰਿਕ ਨੂੰ ਦੇਸ਼, ਸਮਾਜ ਅਤੇ ਮਨੁੱਖਤਾ ਪ੍ਰਤੀ ਆਪਣੇ ਫਰਜ਼ਾਂ ਦਾ ਨਿਰਵਾਹ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਚੇਤਨਾ ਰੈਲੀ ਰਾਹੀਂ 'ਵਾਤਾਵਰਣ ਬਚਾਓ, ਜ਼ਿੰਦਗੀ ਬਚਾਓ', 'ਨਸ਼ਾ ਮੁਕਤ ਸਮਾਜ ਹੋਵੇ, ਚੰਗੀ ਜ਼ਿੰਦਗੀ ਦੀ ਸ਼ੁਰੂਆਤ ਹੋਵੇ' ਵਰਗੇ ਪ੍ਰੇਰਨਾਦਾਇਕ ਨਾਅਰਿਆਂ ਨਾਲ ਮਾਹੌਲ ਨੂੰ ਗੂੰਜਮਾਨ ਕਰ ਦਿੱਤਾ। ਰੈਲੀ ਰਾਹੀਂ ਵਾਤਾਵਰਣ ਸੁਰੱਖਿਆ, ਨਸ਼ਾ ਮੁਕਤੀ ਅਤੇ ਸਮਾਜਿਕ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ। ਸਮਾਰੋਹ ਵਿੱਚ ਪ੍ਰਿੰਸੀਪਲ ਡਾ. ਨਰੇਸ਼ ਕੁਮਾਰ, ਬੁਲਾਰਾ ਬੇਅੰਤ ਕੌਰ, ਵੀਰਪਾਲ ਕੌਰ, ਮਮਤਾ ਰਾਣੀ, ਮਨੀਸ਼ਾ ਰਾਣੀ, ਮਹਿੰਦਰ ਸਿੰਘ, ਰਾਜਕੁਮਾਰ ਸਮੇਤ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਰਹੇ।

ਨਵਾਂਸ਼ਹਿਰ ਦੇ ਮੁੰਡਿਆਂ ਨੇ ਬਰਨਾਲਾ ਵਿੱਚ ਮਚਾਇਆ ਧਮਾਲ, ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜਿੱਤਿਆ ਕਾਂਸੀ ਦਾ ਤਗਮਾ, ਪੂਰੇ ਪੰਜਾਬ ਵਿੱਚ ਵੱਜੀ ਤਾੜੀ

ਪੈ.ਗਾਮ-ਏ-ਜਗਤ
ਨਵਾਂਸ਼ਹਿਰ, 23 ਨਵੰਬਰ
(ਜਤਿੰਦਰਪਾਲ ਸਿੰਘ ਕਲੇਰ)

- **ਤਰਨਤਾਰਨ, ਫਿਰੋਜ਼ਪੁਰ ਤੇ ਮੋਹਾਲੀ ਨੂੰ ਹਰਾ ਕੇ ਕੀਤਾ ਕਮਾਲ, ਐਮਪੀ ਮੀਤ ਹੇਅਰ ਨੇ ਇਨਾਮ ਦੇ ਕੇ ਕੀਤਾ ਸਨਮਾਨਿਤ**



ਖੇਡਾਂ ਵਤਨ ਪੰਜਾਬ ਦੀਆਂ 2026 - ਸੀਜ਼ਨ 4 ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ